ਰਾਜ਼ਿੰਦਰ ਪਰਦੇਸੀ ਨੂੰ ਮੈਂ ਕਾਫੀ ਸਮੇਂ ਤੋਂ ਜਾਣਦਾ ਹਾਂ। ਸਾਹਿਤ ਪ੍ਰੇਮੀ ਵੀ ਉਸ ਦੇ ਨਾਮ ਤੋਂ ਚੰਗੀ ਤਰ੍ਹਾਂ ਜਾਣੂ ਹਨ। ਉਹ ਜਿੱਥੇ ਇਕ ਚੰਗਾ ਕਵੀ, ਗ਼ਜ਼ਲ ਗੋ ਅਤੇ ਗੀਤਕਾਰ ਹੈ, ਉਥੇ ਉਹ ਨੇਕ ਇਨਸਾਨ ਅਤੇ ਨਿੱਘਾ ਮਿੱਤਰ ਵੀ ਹੈ। ਉਸ ਦੀ ਪੋਚਵੀਂ ਬੱਨ੍ਹੀ ਹੋਈ ਖ਼ੂਬਸੂਰਤ ਦਸਤਾਰ, ਕਾਲੀ ਦਾੜ੍ਹੀ ਵਿਚ ਠੋਡੀ ਤੇ ਕੁਝ ਚਿੱਟੇ ਵਾਲ ਅਤੇ ਹਸੂੰ ਹਸੂੰ ਕਰਦਾ ਖਿੜੇ ਫੁਲ ਵਰਗਾ ਚਿਹਰਾ ਉਸ ਨੂੰ ਭੀੜ ਚੋਂ ਨਖੇੜ ਕੇ ਵੱਖਰੀ ਪਹਿਚਾਨ ਪ੍ਰਦਾਨ ਕਰਦੇ ਹਨ। ਉਹ ਬਹੁਤ ਮਿਲਾਪੜੇ ਅਤੇ ਮਿੱਠੇ ਸੁਭਾਅ ਦਾ ਮਾਲਕ ਹੈ।



ਰਾਜਿੰਦਰ ਪਰਦੇਸੀ

ਇਹ ਉਸ ਦੀ ਪੰਜਵੀਂ ਪੁਸਤਕ 'ਗੀਤ ਕਰਨ ਅਰਜ਼ੋਈ' ਨਿਰੋਲ ਗੀਤਾਂ ਦੀ ਪੁਸਤਕ ਹੈ। ਪਰਦੇਸੀ ਲਗ-ਪਗ ਕਵਿਤਾ ਦੀਆਂ ਸਭ ਸਿਨਫਾਂ ਨੂੰ ਸਮਝਣ ਦੀ ਤੌਫ਼ੀਕ ਰਖਦਾ ਹੈ। ਉਹ ਕਦੇ ਸੋਚਾਂ ਦੇ ਸਮੁੰਦਰਾਂ ਵਿਚ ਟੁੱਬੀਆਂ ਮਾਰਦਾ ਹੈ ਤੇ ਕਦੇ ਖਿਆਲਾਂ ਦੇ ਖੰਭਾਂ ਤੇ ਉੜਦਾ ਅੰਬਰ ਨੂੰ ਹੱਥ ਲਾਉਂਦਾ ਹੈ। ਉਸ ਕੋਲ ਲੋਕ-ਭਾਸ਼ਾ ਦੀ ਅਨਮੋਲ ਦੌਲਤ ਹੈ। ਤਸ਼ਬੀਹਾਂ ਦਾ ਭੰਡਾਰ ਹੈ। ਮੁਹਾਵਰਿਆਂ ਦੇ ਮੋਤੀ ਹਨ। ਅਖਾਣਾ ਦਾ ਖ਼ਜ਼ਾਨਾਂ ਹੈ। ਇਹ ਗਹਿਣੇ ਹੀ ਉਸ ਦੀਆਂ ਰਚਨਾਵਾਂ ਨੂੰ ਸੱਜ-ਵਿਆਹੀ ਮੁਟਿਆਰ ਵਾਂਗ ਸ਼ਿੰਗਾਰਨ ਵਿਚ ਉਸ ਦੀ ਮਦਦ ਕਰਦੇ ਹਨ।

ਪਰਦੇਸੀ ਜੀਵਨ ਦੇ ਕਈ ਪਹਿਲੂਆਂ ਦੀ ਗਲ ਕਰਦਾ ਹੈ। ਬਹੁਤਾ ਕਰ ਕੇ ਮੈਨੂੰ ਉਸ ਦੇ ਗੀਤਾਂ ਵਿਚ ਬਿਰਹਾ ਨਜ਼ਰ ਆਇਆ ਹੈ ਪਰ ਉਸ ਦੀ ਕਲਮ ਹੱਕ ਸੱਚ ਸੁਖ, ਦੁਖ ਪਿਆਰ, ਮੁਹੱਬਤ, ਭ੍ਰਿਸ਼ਟਾਚਾਰ ਅਤੇ ਸਮਾਜ ਦੀਆਂ ਹੋਰ ਵੀ ਕਈ ਬੁਰਾਈਆਂ ਦਾ ਪ੍ਰਦਾ ਫਾਅਸ਼ ਕਰਦੀ ਹੈ।

**ਇੰਦਰਜੀਤ ਹਸਨਪੁਰੀ**


unistarbooks.com

**UNISTAR BOOKS PVT. LTD.**
**INDIA**
**Chandigarh** : 26-27 Top Floor, Sector 34A
Ph.: +91-172-5077427, 5077428, 5089761
**Ludhiana** : Punjabi Bhawan • +9198154 71219

ISBN 978-93-5017-420-3

9 789350 174203

**₹ 150/-**


ਗੀਤ ਕਰਨ ਅਰਜ਼ੋਈ    ਰਾਜਿੰਦਰ ਪਰਦੇਸੀ

# ਗੀਤ ਕਰਨ ਅਰਜ਼ੋਈ



## ਰਾਜਿੰਦਰ ਪਰਦੇਸੀ

# ਗੀਤ ਕਰਨ ਅਰਜ਼ੋਈ

(ਗੀਤ ਸੰਗ੍ਰਹਿ)

ਰਾਜਿੰਦਰ ਪਰਦੇਸੀ

**GEET KARAN ARZOI**

*Poetry by :*

**RAJINDER PARDESI**
35-B/168 Dashmesh Nagar, P.O. Dakoha
Jalandhar-Punjab-India
email : rajinder.pardesi7@gmail.com
Mob. 097802-13351, 093576-41552
91-181-3250653, 91-181-2410961

Title and Artwork
TAJINDER MANCHANDA
E-Mail : manchanda_arts@live.fr
(M) : 0033643710273

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

**ਗੀਤਾਂ ਵਰਗੀ ਹਮਸਫ਼ਰ**

**ਸੁਖਵਿੰਦਰ**

**ਦੇ ਨਾਮ**

**ਲੇਖਕ ਦੀਆਂ ਹੋਰ ਪੁਸਤਕਾਂ :**

1. ਅੱਖ਼ਰ ਅੱਖ਼ਰ ਤਨਹਾਈ
2. ਨਗ਼ਮਾ ਉਦਾਸ ਹੈ
3. ਉਦਰੇਵੇਂ ਦੀ ਬੁੱਕਲ
4. ਗੁੰਗੀ ਰੁੱਤ ਦੀ ਪੀੜ
5. ਵਿੱਥ
6. ਨਗ਼ਮਗੀਂ ਸਪਨੇ (ਹਿੰਦੀ) ਛਪਣ ਹਿੱਤ
7. ਖ਼ੁਦਾ ਹਾਫ਼ਿਜ਼ (ਉਰਦੂ) ਛਪਣ ਹਿੱਤ
8. ਰੰਗ ਸਮੁੰਦਰੋਂ ਪਾਰ ਦੇ (ਸਫ਼ਰਨਾਮਾ) ਛਪਣ ਹਿੱਤ

# ਅੰਦਰ ਝਾਤ


1. ਗੀਤਾਂ ਦੀ ਗੱਲ/*ਇੰਦਰਜੀਤ ਹਸਨਪੁਰੀ* 7
2. ਨਵੀਂ ਨਵੇਲੀ ਸੋਚ ਵਾਲਾ ਸੁਹਿਰਦ ਸ਼ਾਇਰ-ਪਰਦੇਸੀ/*ਚੰਨ ਜੰਡਿਆਲਵੀ* 13
3. ਗੀਤ ਕਰਨ ਅਰਜ਼ੋਈ 16
4. ਪੱਲਾ ਛੁੜਾ ਕੇ ਨਾ ਜਾਹ 19
5. ਹਾਸਿਆਂ ਦੀ ਸਹੁੰ 21
6. ਕਿੱਥੇ ਗਿਆ ਪੰਜਾਬ 24
7. ਦੂਰ ਦੂਰ ਦੂਰ 26
8. ਅਸੀਂ ਤੜਪੇ ਬਥੇਰਾ 28
9. ਸ਼ਰੀਕਣਾਂ ਨੂੰ ਮੱਚ ਲੈਣ ਦੇ 30
10. ਇਹ ਕੇਹੇ ਦਿਨ ਆਏ 32
11. ਰੱਬਾ ਮੇਰਿਆ 34
12. ਫੇਰ ਕੀ ਤੂੰ ਰੱਬ ਹੋ ਗਈਓਂ 36
13. ਹੋ ਗਿਆ ਖ਼ੂਨ ਸਫ਼ੈਦ 38
14. ਪੀੜ ਪਰੌਣੀ ਆਈ 40
15. ਕਾਹਨੂੰ ਲਾਈਆਂ 42
16. ਜਿੰਦੇ ਮੇਰੀਏ 44
17. ਗਾਏਂਗਾ ਤੂੰ 46
18. ਗਾਏਂਗੀ ਤੂੰ 48
19. ਝੂਠੀਆਂ ਤਸੱਲੀਆਂ 50
20. ਪਊਗੀ ਨਿਭਾਉਣੀ ਹੀਰੇ 52
21. ਮੈਂ ਤੇਰੀ ਸਿੱਪੀ 54
22. ਗੀਤ ਮੇਰੀ ਪ੍ਰੀਤ 57
23. ਲੋਹੜੀ ਵਾਲੀ ਰਾਤ 60
24. ਮਾਏ ਨੀ 62
25. ਤੂੰ ਕੀ ਜਾਣੇ 65

26. ਰਤਾ ਠਹਿਰ ਵੀ ਜਾਹ 68
27. ਗਿਣ ਗਿਣ ਕੇ ਦਿਹਾੜੇ 70
28. ਮੇਰਾ ਗੀਤ ਰੋ ਪਵੇਗਾ 72
29. ਦੀਦਾਰ ਮੰਗਿਆ 74
30. ਤੇਰੇ ਨਿਤ ਦਿਆਂ ਲਾਰਿਆਂ 76
31. ਸਾਡਾ ਦਿਲ ਨੀ ਤੂੰ 78
32. ਸਵੱਬੀਂ ਹੋ ਗਏ ਮੇਲੇ 80
33. ਮੋਈ ਮਹਿਕ ਦਾ ਗੀਤ 82
34. ਦਸਤੂਰ 84
35. ਜੋਗੀਆ ਘਰ ਨੂੰ ਫੇਰਾ ਪਾ 87
36. ਤੈਥਾ ਪਤਾ ਵੀ ਨਾ ਲੱਗਾ 90
37. ਚਾਨਣੀਆਂ ਦਾ ਦਰਿਆ 92
38. ਗੱਲਾਂ ਕੁੜੀਆਂ ਵੇ ਸਾਈਆਂ 94
39. ਦਿਲ ਦਾ ਬਣਾ ਦਿਆਂ ਮੂਹੜਾ 96
40. ਵੇ ਪਟਵਾਰੀ ਮੁੰਡਿਆ 98
41. ਅੰਬ ਚੂਪਦੀ 100
42. ਝਾਂਜਰ 102
43. ਲੋਰੀ ਦਾ ਗੀਤ 104
44. ਸਾਡੀ ਬਾਗਾਂ ਤੇ ਸਰਦਾਰੀ 107
45. ਬੱਲੇ ਬੱਲੇ 109
46. ਰੂਪ ਡੰਡੀਆਂ 'ਚ ਡੁਲਦਾ 111
47. ਚੰਨਾ ਮੈਂ ਤੇਰੀ ਖ਼ੈਰ ਮੰਗਦੀ 113
48. ਜ਼ਖਮੀ ਦਿਲ ਦੀ ਸਹੁੰ 115
49. ਮੰਦੜੇ ਹੋ ਗਏ ਹਾਲ 117
50. ਵੀਣੀ ਤੇ ਲਿਖਾਈ ਫਿਰਾਂ 119


# ਗੀਤਾਂ ਦੀ ਗੱਲ

ਮੇਰੀ ਜਾਚੇ ਕਵਿਤਾ, ਗ਼ਜ਼ਲ, ਗੀਤ, ਰੁਬਾਈ ਜਾਂ ਕਿਸੇ ਵੀ ਛੰਦ-ਬੰਧ ਰੂਪ-ਰਚਨਾ ਕਰਨ ਨਾਲੋਂ ਗੀਤ ਲਿਖਣਾ ਔਖਾ ਹੈ। ਕਿਉਂਕਿ ਗੀਤ ਬਹੁਤ ਨਾਜ਼ੁਕ ਤੇ ਨਿਰਮਲ ਹੁੰਦਾ ਹੈ। ਗੀਤ ਵਗਦੀ ਨਦੀ ਦੀ ਰਵਾਨੀ ਦਾ ਨਾਂਅ ਹੈ। ਗੀਤ ਠੰਡੀ ਠੰਡੀ ਰੁਮਕਦੀ ਪੌਣ ਦਾ ਬੁੱਲਾ ਹੈ। ਗੀਤ ਸੁਬਾਹ-ਸਵੇਰੇ ਪੰਛੀਆਂ ਦੇ ਚਹਿਕਣ ਦਾ ਨਾਂਅ ਹੈ। ਗੀਤ ਵਗਦੇ ਝਰਨੇ ਦਾ ਸੰਗੀਤ ਹੈ। ਗੀਤ ਕੋਈ ਭਾਰਾ ਤੇ ਮੁਸ਼ਕਿਲ ਸ਼ਬਦ ਬਰਦਾਸ਼ਤ ਨਹੀਂ ਕਰਦਾ। ਜਿਵੇਂ ਦਾਲ ਵਿਚ ਇਕ ਕੋਕੜੂ ਸਾਰੀ ਦਾਲ ਦਾ ਸੁਆਦ ਕਿਰਕਰਾ ਕਰ ਦਿੰਦਾ ਹੈ। ਇਸੇ ਪਰਕਾਰ ਗੀਤ ਵਿਚ ਆਇਆ ਖਰਵਾ ਜਾਂ ਔਖਾ ਸ਼ਬਦ ਗੀਤ ਦੀ ਖੂਬਸੂਰਤੀ ਘਟਾ ਦਿੰਦਾ ਹੈ।

ਗੀਤ ਸਰਲਤਾ, ਸਹਿਜਤਾ, ਸਪਸ਼ਟਤਾ, ਸੰਵੇਦਨਤਾ ਅਤੇ ਸੰਗੀਤਕਤਾ ਦਾ ਮੁਜੱਸਮਾ ਹੈ। ਇਸੇ ਲਈ ਗੀਤ ਹਰ ਪਰਕਾਰ ਦੇ ਸਰੋਤੇ ਨੂੰ ਕੀਲਣ ਦੇ ਸਮਰਥ ਹੈ। ਵਿਦਵਾਨ ਲੋਕ-ਗੀਤਾਂ ਨੂੰ ਉੱਤਮ ਰਚਨਾ ਮੰਨਦੇ ਹਨ। ਕੋਈ ਲੋਕ ਗੀਤ ਐਸਾ ਨਹੀਂ ਜੋ ਆਮ ਸਧਾਰਨ ਲੋਕਾਂ ਦੀ ਸਮਝ ਨਾ ਆਵੇ। ਮੈਂ ਆਪਣੇ ਕਵੀ ਭਰਾਵਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਵਿਤਾ ਤਾਂ ਸਿਰਫ ਕਵੀਆਂ ਅਤੇ ਵਿਦਵਾਨਾ ਜੋਗੀ ਹੋ ਕੇ ਰਹਿ ਗਈ ਹੈ, ਗੀਤ ਨੂੰ ਤਾਂ ਲੋਕਾਂ ਜੋਗਾ ਰਹਿਣ ਦਿਉ।

ਮੇਰੀ ਸੋਚ ਹੈ ਕਿ ਗੀਤ ਦਾ ਸੰਬੰਧ ਸਿੱਧਾ ਦਿਲ ਨਾਲ ਹੁੰਦਾ ਹੈ। ਗੀਤ ਦਿਲ ਚੋਂ ਨਿਕਲਦਾ ਹੈ ਤੇ ਸਿੱਧਾ ਅਗਲੇ ਦੇ ਦਿਲ ਦੇ ਪਲੰਘ ਉਤੇ ਜਾ ਬੈਠਦਾ ਹੈ। ਗੀਤ ਸੁਣ ਕੇ ਜਾਂ ਪੜ੍ਹ ਕੇ ਮੂੰਹ ਚੋਂ ਵਾਹ ਨਾ ਨਿਕਲੇ ਤਾਂ ਮੈਂ ਉਸ ਨੂੰ ਗੀਤ ਨਹੀਂ ਮੰਨਦਾ। ਜਿਵੇਂ ਗ਼ਜ਼ਲ ਦੇ ਬਹਿਰ ਵਿਚ ਲਿਖੀ ਹੋਈ ਹਰ ਰਚਨਾ ਗ਼ਜ਼ਲ ਨਹੀਂ ਹੁੰਦੀ। ਇਸੇ ਪਰਕਾਰ ਗੀਤ ਦੇ ਬਹਿਰ ਵਿੱਚ ਲਿਖੀ ਹਰ ਰਚਨਾਂ ਗੀਤ ਨਹੀਂ ਹੁੰਦੀ। ਗੀਤ ਦੇ ਵੀ ਕੁਝ ਪੈਮਾਨੇ ਹਨ। ਇਹ ਮੁੱਦਾਅ ਲੰਬੀ ਬਹਿਸ ਮੰਗਦਾ ਹੈ, ਇਸ ਬਾਰੇ ਕਦੇ ਫੇਰ ਗੱਲ ਕਰਾਂਗੇ। ਹੁਣ ਅਸੀਂ ਹਥਲੀ ਪੁਸਤਕ ਦੇ ਗੀਤਾਂ ਬਾਰੇ ਗੱਲ ਕਰਦੇ ਹਾਂ ਅਤੇ ਲੇਖਕ ਨਾਲ ਜਾਣ ਪਛਾਣ ਵੀ ਕਰਾਉਂਦੇ ਹਾਂ।

ਰਾਜਿੰਦਰ ਪਰਦੇਸੀ ਨੂੰ ਮੈਂ ਕਾਫੀ ਸਮੇਂ ਤੋਂ ਜਾਣਦਾ ਹਾਂ। ਸਾਹਿਤ ਪ੍ਰੇਮੀ ਵੀ ਉਸ ਦੇ ਨਾਮ ਤੋਂ ਚੰਗੀ ਤਰ੍ਹਾਂ ਜਾਣੂ ਹਨ। ਉਹ ਜਿੱਥੇ ਇਕ ਚੰਗਾ ਕਵੀ, ਗ਼ਜ਼ਲ ਗੋ ਅਤੇ ਗੀਤਕਾਰ ਹੈ, ਉਥੇ ਉਹ ਨੇਕ ਇਨਸਾਨ ਅਤੇ ਨਿੱਘਾ ਮਿੱਤਰ ਵੀ ਹੈ। ਉਸ ਦੀ ਪੋਚਵੀਂ ਬੱਨ੍ਹੀ ਹੋਈ ਖੂਬਸੂਰਤ ਦਸਤਾਰ, ਕਾਲੀ ਦਾੜ੍ਹੀ ਵਿਚ ਠੋਡੀ ਤੇ ਕੁਝ ਚਿੱਟੇ ਵਾਲ ਅਤੇ ਹਸੂੰ ਹਸੂੰ ਕਰਦਾ ਖਿੜੇ ਫੁਲ ਵਰਗਾ ਚਿਹਰਾ ਉਸ ਨੂੰ ਭੀੜ ਚੋਂ ਨਖੇੜ ਕੇ ਵੱਖਰੀ ਪਹਿਚਾਨ ਪ੍ਰਦਾਨ ਕਰਦੇ ਹਨ। ਉਹ ਬਹੁਤ ਮਿਲਾਪੜੇ ਅਤੇ ਮਿੱਠੇ ਸੁਭਾਅ ਦਾ ਮਾਲਕ ਹੈ। ਉਸ ਦੀਆਂ ਹੁਣ ਤਕ ਚਾਰ ਪੁਸਤਕਾਂ ਛਪ ਚੁਕੀਆਂ ਹਨ :— ਅੱਖਰ ਅੱਖਰ ਤਨਹਾਈ (ਗ਼ਜ਼ਲ ਸੰਗ੍ਰਿਹ), 'ਨਗ਼ਮਾ' ਉਦਾਸ ਹੈ' (ਕਵਿਤਾ) 'ਉਦਰੇਵੇਂ ਦੀ ਬੁੱਕਲ (ਕਵਿਤਾ), 'ਗੁੰਗੀ ਰੁੱਤ ਦੀ ਪੀੜ' (ਗ਼ਜ਼ਲ ਸੰਗ੍ਰਿਹ) ਇਸ ਤੋਂ ਇਲਾਵਾ ਉਹ ਅਖਬਾਰਾਂ, ਰਸਾਲਿਆਂ ਵਿਚ ਅਕਸਰ ਛਪਦਾ ਰਹਿੰਦਾ ਹੈ।

ਇਹ ਉਸ ਦੀ ਪੰਜਵੀਂ ਪੁਸਤਕ 'ਗੀਤ ਕਰਨ ਅਰਜ਼ੋਈ' ਨਿਰੋਲ ਗੀਤਾਂ ਦੀ ਪੁਸਤਕ ਹੈ। ਪਰਦੇਸੀ ਲਗ-ਪਗ ਕਵਿਤਾ ਦੀਆਂ ਸਭ ਸਿਨਫਾਂ ਨੂੰ ਸਮਝਣ ਦੀ ਤੌਫ਼ੀਕ ਰਖਦਾ ਹੈ।

ਉਹ ਕਦੇ ਸੋਚਾਂ ਦੇ ਸਮੁੰਦਰਾਂ ਵਿਚ ਟੁੱਬੀਆਂ ਮਾਰਦਾ ਹੈ ਤੇ ਕਦੇ ਖਿਆਲਾਂ ਦੇ ਖੰਭਾਂ ਤੇ ਉਡਦਾ ਅੰਬਰ ਨੂੰ ਹੱਥ ਲਾਉਂਦਾ ਹੈ। ਉਸ ਕੋਲ ਲੋਕ-ਭਾਸ਼ਾ ਦੀ ਅਨਮੋਲ ਦੌਲਤ ਹੈ। ਤਸ਼ਬੀਹਾਂ ਦਾ ਭੰਡਾਰ ਹੈ। ਮੁਹਾਵਰਿਆਂ ਦੇ ਮੋਤੀ ਹਨ। ਅਖਾਣਾ ਦਾ ਖ਼ਜ਼ਾਨਾਂ ਹੈ। ਇਹ ਗਹਿਣੇ ਹੀ ਉਸ ਦੀਆਂ ਰਚਨਾਵਾਂ ਨੂੰ ਸੱਜ-ਵਿਆਹੀ ਮੁਟਿਆਰ ਵਾਂਗ ਸ਼ਿੰਗਾਰਨ ਵਿਚ ਉਸ ਦੀ ਮਦਦ ਕਰਦੇ ਹਨ।

ਇਸ ਗੀਤ ਵਿਚ ਨਵੀਨਤਾ ਦੇਖੋ। ਗੀਤ ਦੀ ਹਰ ਸਤਰ ਵਿਚ ਤਿਨ ਅਖਰਾਂ ਦਾ ਕਾਫੀਆ ਨਿਭਾ ਕੇ ਉਸ ਨੇ ਕਿੰਨੀ ਪਿਆਰੀ ਅਤੇ ਵਿਲੱਖਣ ਗੱਲ ਕੀਤੀ ਹੈ। ਮੇਰੇ ਖਿਆਲ ਵਿਚ ਇਸ ਪਰਕਾਰ ਦਾ ਗੀਤ ਲਿਖਣ ਵਿਚ ਪਰਦੇਸੀ ਨੇ ਪਹਿਲ ਕੀਤੀ ਹੈ। ਉਦਾਹਰਨ ਵਜੋਂ ਪੂਰਾ ਗੀਤ ਦੇਣ ਦੇ ਕਾਬਿਲ ਹੈ—

ਅਸੀਂ ਹੋਈਏ, ਕੋਲ ਕੋਲ ਕੋਲ ਤੁਸੀਂ ਦੂਰ ਦੂਰ ਦੂਰ।
ਲੱਗੋ ਕਿੰਨਾ ਸੋਹਣੇ ਵੇਖੋਂ ਜਦੋਂ ਘੂਰ ਘੂਰ ਘੂਰ।

ਛਾਈ ਚੜਦੀ ਜਵਾਨੀ ਦੀ ਹੈ ਪੌਣ ਪੌਣ ਪੌਣ
ਕੱਲ ਯਾਰ ਯਾਰ ਯਾਰ ਅੱਜ ਕੌਣ ਕੌਣ ਕੌਣ।
ਹੁਣੇ ਕੋਲ ਕੋਲ ਕੋਲ ਹੁਣ ਦੂਰ ਦੂਰ ਦੂਰ।
ਲੱਗੋ ਕਿੰਨਾ ਸੋਹਣੇ ਵੇਖੋਂ ਜਦੋਂ ਘੂਰ ਘੂਰ ਘੂਰ।

ਥੋਡੇ ਨੈਣਾਂ ਨੇ ਸ਼ਰਾਬੀ ਦਿੱਤੇ ਕੀਲ ਕੀਲ ਕੀਲ।
ਅਸੀਂ ਤੋੜ ਤੇ ਪਿਆਲੇ ਸਾਡੀ ਹੀਲ ਹੀਲ ਹੀਲ।
ਸਾਡੇ ਦਿਲਾਂ ਦੇ ਗਲਾਸ ਹੋਏ ਚੂਰ ਚੂਰ ਚੂਰ।
ਅਸੀਂ ਹੋਈਏ ਨੇੜੇ ਨੇੜੇ ਨੇੜੇ ਤੁਸੀਂ ਦੂਰ ਦੂਰ ਦੂਰ।

ਥੋਨੂੰ ਵੇਖ ਵੇਖ ਦਿਲ ਜਾਵੇ ਘਟ ਘਟ ਘਟ।
ਮਰ ਜਾਈਏ ਥਾਏਂ ਕਹਿ ਦਿਉਂ ਜਾਂ ਹਟ ਹਟ ਹਟ।
ਜਦੋਂ ਹੱਸੋਂ ਤਾਂ ਚੁਫੇਰਾ ਹੋ ਜੇ ਨੂਰ ਨੂਰ ਨੂਰ।
ਲੱਗੋ ਕਿੰਨਾ ਸੋਹਣੇ ਵੇਖੋਂ ਜਦੋਂ ਘੂਰ ਘੂਰ ਘੂਰ।

ਕਿੰਜ ਰੱਖੋਗੇ ਪਿਆਰ ਦੱਸ ਘੁੱਟ ਘੁੱਟ ਘੁੱਟ।
ਜਿੰਦ ਜਾਨ "ਪਰਦੇਸੀ" ਕੋਲੋਂ ਲੁਕ ਲੁਕ ਲੁਕ।
ਹੋਣ ਲੱਗ ਪਈ ਜਲੰਧਰ 'ਚ ਹੂਰ ਹੂਰ ਹੂਰ।
ਲੱਗੋ ਕਿੰਨਾ ਸੋਹਣੇ ਵੇਖੋਂ ਜਦੋਂ ਘੂਰ ਘੂਰ ਘੂਰ।

ਵਿਯੋਗ ਵਿਚ ਰੁਦਨ ਕਰਦੀ ਇਕ ਟੁਕੜੀ ਹੋਰ ਦੇਖੋ—

ਇਹ ਕੇਹੇ ਦਿਨ ਆਏ
ਵੇ ਸਜਣਾ
ਇਹ ਕੇਹੇ ਦਿਨ ਆਏ
ਸਾਡੀਆਂ ਬੁੱਲ੍ਹੀਆਂ ਉਤੇ ਹਾਸੇ
ਰਹਿ ਗਏ ਧਰੇ ਧਰਾਏ



ਉਡ ਗਈਆਂ ਕਲੀਆਂ ਦੀ ਮਹਿਕਾਂ!
ਮਰ ਗਈਆਂ ਮੁਸਕਾਨਾ।
ਹੁਣ ਨਾ ਬਾਗ਼ੀਂ ਬੁਲਬੁਲ ਕੋਈ
ਗਾਉਂਦੀ ਸੁਣੇ ਤਰਾਨਾ
ਸਿਖਰ ਦੁਪਹਿਰੇ ਹੀ ਰੁੱਖਾਂ ਦੇ
ਲੰਮੇ ਹੋ ਗਏ ਸਾਏ
ਵੇ ਸਜਣਾ ਇਹ ਕੇਹੇ ਦਿਨ ..........

ਜਦੋਂ ਮਹਿਬੂਬ ਬੇਵਫ਼ਾ ਹੋ ਜਾਵੇ, ਕੀਤੇ ਵਾਹਦੇ ਵੀ ਭੁਲਾ ਦੇਵੇ। ਅੱਖਾਂ ਚਾਰ ਕਰ ਕੇ ਅੱਖਾਂ ਫੇਰ ਲਵੇ ਤਾਂ ਪ੍ਰੇਮੀ ਤੇ ਕੀ ਬੀਤਦੀ ਹੈ—

ਅਸੀਂ ਤੜਪੇ ਬਥੇਰਾ ਸਾਥੋਂ ਝੱਲ ਹੀ ਨਾ ਹੋਈਆਂ।
ਤੇਰੇ ਸ਼ਹਿਰ ਦੀਆਂ ਪੌਣਾ ਜਦੋਂ ਗੱਲ ਲੱਗ ਰੋਈਆਂ।
ਅਸੀਂ ਸਿਵੇ ਵਾਂਗੂੰ ਮੱਚੇ ਭੁੱਜੇ ਦਾਣਿਆਂ ਦੇ ਵਾਂਗ।
ਜਦੋਂ ਲੰਘੇ ਤੁਸੀਂ ਕੋਲੋਂ ਅਨਜਾਣਿਆਂ ਦੇ ਵਾਂਗ।
ਡਾਢਾ ਦਿਲ ਥਾਣੀ ਰੋਏ ਜਦੋਂ ਅਖੀਆਂ ਨਾ ਰੋਈਆਂ।
ਅਸੀਂ ਤੜਪੇ ਬਥੇਰਾ ............

ਸਜਣਾ ਦੀ ਦਿੱਤੀ ਪੀੜ ਵੀ ਉਸ ਨੂੰ ਬੁਰੀ ਨਹੀਂ ਲਗਦੀ ਉਹ ਸਜਣਾ ਵਲੋਂ ਮਿਲੀ ਪੀੜ ਨੂੰ ਪਰੌਣੀ ਸਮਝਦਾ ਹੈ। ਪਰ ਜਿਵੇਂ ਅੱਗ ਤੋਂ ਡਰੀ ਟਟਹਿਣੇ ਤੋਂ ਡਰਦੀ ਹੈ ਉਹ ਡਰਦਾ ਹੈ, ਕਿ ਇਹ ਪੀੜ ਵੀ ਕਿਤੇ ਮੈਨੂੰ ਸਜਣਾ ਵਾਂਗ ਧੋਖਾ ਨਾ ਦੇ ਜਾਵੇ—

ਮਾਏ ਨੀ
ਇਕ ਪੀੜ ਪਰੌਣੀ ਆਈ
ਝੋਰਾ ਇਹ ਹੱਡਾਂ ਨੂੰ ਖਾਏ
ਪਰਦੇਸੀ ਦੇ ਵਾਂਗੂੰ ਮਾਏ
ਇਹ ਵੀ ਛਡ ਕੇ ਨਾ ਤੁਰ ਜਾਏ
ਇਹ ਵੀ ਨਿਕਲੇ ਨਾ ਹਰਜਾਈ
ਮਾਏ ਨੀ
ਇਕ ਪੀੜ ਪਰੌਣੀ ............

ਸਜਣਾ ਦੇ ਕੀਤੇ ਵਾਹਦੇ ਯਾਦ ਕਰਕੇ ਕਵੀ ਦਾ ਮਨ ਸੋਚਦਾ ਹੈ ਕਿ ਦੁਨੀਆਂ ਝੂਠ ਦਾ ਪਸਾਰਾ ਹੈ। ਹਾਥੀ ਦੇ ਦੰਦ ਦਿਖਾਣ ਦੇ ਹੋਰ ਤੇ ਖਾਣ ਦੇ ਹੋਰ ਹਨ—

ਝੂਰੇ ਮੋਰਨੀ ਉਦਾਸੀ ਕਦੋਂ ਮੋਰ ਪੈਲਾਂ ਪਾਵੇ।
ਦਿਨ ਡੁਬਦੇ ਵਣਾ ਚ ਸਾਡਾ ਦਿਲ ਡੁਬ ਜਾਵੇ।
ਕਾਵਾਂ ਕੀਤੀਆਂ ਹਰਾਮ ਖਾ ਖਾ ਚੂਰੀਆਂ ਵੇ ਸਾਈਆਂ।
ਪੈਣ ਦੋਜ਼ਖ਼ਾਂ ਦੀ ਅੱਗ ਮਜ਼ਬੂਰੀਆਂ ਵੇ ਸਾਈਆਂ।

ਧੀਏ ਕਨ ਕਰ ਨੂੰਹੇਂ ਗੱਲ ਸੁਣ, ਦੇ ਅਖਾਣ ਵਾਂਗ ਕਵੀ ਲੋਕਾ ਨੂੰ ਦਸਣ ਦਾ ਯਤਨ ਕਰਦਾ ਹੈ। ਗੀਤ ਦਾ ਬੰਦ ਦੇਖੋ—

ਮੈਂ ਵੀ ਮਨ ਨੂੰ ਮਾਰ ਲਵਾਂਗਾ
ਤੂੰ ਵੀ ਮਨ ਸਮਝਾਇਆ ਕਰ।
ਤੈਨੂੰ ਜ਼ਖ਼ਮੀ ਦਿਲ ਦੀ ਸਹੁੰ ਹੈ
ਜ਼ਖ਼ਮੀਂ ਖਤ ਨਾ ਪਾਇਆ ਕਰ।

ਏਸੇ ਗੀਤ ਦੇ ਅੰਤਰਾ ਦੀ ਵਨਗੀ ਦੇਖੋ—

ਗੀਤਾਂ ਦੇ ਗਲ ਘੁੰਗਰੂ ਪਾਉਣੇ
ਪੌਣਾ ਦੀ ਝਾਂਜਰ ਛਣਕਾਉਣੀ।
ਮਹਿਕਾਂ ਦੇ ਗਲ ਬਾਹਾਂ ਪਾ ਕੇ,
ਫਿਰ ਸਾਹਾਂ ਦੀ ਪੀਂਘ ਚੜਾਉਣੀ।
ਇਹ ਸਭ ਭੁਲਣਹਾਰ ਸੀ ਸੁਪਨੇ
ਅਖੀਆਂ ਨੂੰ ਸਮਝਾਇਆ ਕਰ।
ਤੈਨੂੰ ਜ਼ਖ਼ਮੀ ਦਿਲ ਦੀ ਸਹੁੰ ਹੈ,
ਜ਼ਖ਼ਮੀ ਖ਼ਤ ਨਾ ਪਾਇਆ ਕਰ।

ਅਲ੍ਹੜ ਜਵਾਨੀ ਨੂੰ ਮਸਤੀ ਵਿਚ ਆ ਕੇ ਛੇੜਖਾਨੀਆਂ ਕਰਦਿਆਂ ਦੇਖ ਕੇ ਕਵੀ ਦਾ ਮਨ ਕਹਿ ਉਠਦਾ ਹੈ—

ਝਾਂਜਰ ਨਾ ਛਣਕਾ
ਨੀ ਕੁੜੀਏ
ਝਾਂਜਰ ਨਾ ਛਣਕਾ
ਇਹ ਛਣਕਾਟੇ ਦੇਣ ਗੇ ਇਕ ਦਿਨ
ਕੋਈ ਪੁਆੜਾ ਪਾ
ਝਾਂਜਰ ਨਾ ............

ਤੇ ਜਵਾਨੀ ਨੂੰ ਕਹਿੰਦਾ ਹੈ ਜੇ ਤੂੰ ਬਾਜ਼ ਨਾ ਆਈ ਤਾਂ ਇਕ ਦਿਨ ਤੂੰ ਵੀ ਮੇਰੇ ਵਾਂਗ ਪਛਤਾਵੇ ਦੀ ਸੇਜ ਤੇ ਲੇਟੀ ਹੋਈ ਗਾਏਂਗੀ—

ਲੁਕ ਲੁਕ ਲਾਈਆਂ ਫੁਟ ਫੁਟ ਰੋਈਆਂ
ਰੋ ਰੋ ਹੋਈਆਂ ਰੱਤੀਆਂ ਵੇ ਅਸੀਂ
ਕਾਹਨੂੰ ਲਾਈਆਂ ਅਖੀਆਂ ਵੇ

ਤੇਰੇ ਹੁਸਨ ਦਾ ਮੁੱਲ ਪਾਉਣ ਵਾਲਾ ਕੋਈ 'ਖੇੜਾ' ਪੈਸੇ ਦੇ ਜ਼ੋਰ ਨਾਲ ਤੈਨੂੰ ਖਰੀਦ ਲਵੇਗਾ ਤੇ ਤੂੰ ਰਾਂਝਾ-ਰਾਂਝਾ ਕਰਦੀ ਰਹਿ ਜਾਵੇਂਗੀ। ਏਥੇ ਸਦਾ ਹੀ ਢਾਡਿਆਂ ਨੇ ਸੱਤੀਂ ਬੀਹੀਂ ਸੌ ਹੁੰਦੇ ਆਏ ਹਨ। ਕੋਈ ਰਾਂਝਾ ਜੋਗੀ ਬਣ ਕੇ ਅਲਖ ਜਗਾਉਂਦਾ ਦਰ ਦਰ ਦੀਆਂ ਠੋਕਰਾ ਖਾਏਗਾ—



ਤੈਨੂੰ ਚਾਂਦੀ ਦੇ ਖੜਾਕਾਂ ਘੇਰਾ ਪਾ ਲਿਆ।
ਨੀ ਅਸੀਂ ਤਤੀਆਂ ਰੁੱਤਾਂ ਨੂੰ ਗਲ ਲਾ ਲਿਆ।
..................
ਸਾਡੇ ਪ੍ਰੇਮ ਦੀ ਕੁੱਲੀ ਨੂੰ ਅੱਗ ਲਾ ਕੇ
ਫੇਰ ਕੀ ਤੂੰ ਰਬ ਹੋ ਗਈਓਂ—

ਪਰਦੇਸੀ ਦੇ ਕਈ ਗੀਤਾਂ ਵਿਚੋਂ ਤਾਂ ਲੋਕ-ਗੀਤਾਂ ਵਰਗੀ ਖੁਸ਼ਬੋ ਆਉਂਦੀ ਹੈ ਕੁਝ ਵਨਗੀਆਂ ਪੇਸ਼ ਹਨ—

ਮੈਨੂੰ ਰੋਕੀਂ ਨਾ ਤੂੰ ਅੱਜ,
ਮੈਨੂੰ ਟੋਕੀਂ ਨਾ ਤੂੰ ਅੱਜ,
ਪਾ ਕੇ ਚਾਂਦੀਆਂ ਦੀਆਂ ਝਾਜਰਾਂ ਵੇ ਨੱਚ ਲੈਣ ਦੇ।
ਮੱਚ ਜਾਣੀਆਂ ਸ਼ਰੀਕਣਾ ਨੂੰ ਮੱਚ ਲੈਣ ਦੇ

ਜਾਂ

ਵੇ ਮੈਂ ਲੁਕ ਲੁਕ ਘੋਰ ਹਨੇਰੇ
ਨਿੱਤ ਸਾਈਂ ਪੀਰ ਦੇ ਡੇਰੇ
ਚੰਨਾ ਮੈਂ ਤੇਰੀ ਖ਼ੈਰ ਮੰਗਦੀ।

ਜਾਂ

ਹਾੜ ਦਾ ਮਹੀਨਾ ਜੱਟੀ ਮੁੜ੍ਹਕੇ ਨਾ ਭਿੱਜੀ
ਪੱਲਾ ਫੇਰ ਫੇਰ ਮੁੜਕਾ ਸੁਕਾਵੇ
ਨੀ ਜੋਬਨ ਸੰਭਾਲ ਜਟੀਏ
ਰੂਪ ਡੰਡੀਆਂ ਚ ਡੁਲ੍ਹਦਾ ਜਾਵੇ

ਜਾਂ

ਸਾਡੇ ਦਿਲ ਦੀ ਉਮੰਗ
ਸਾਨੂੰ ਕਰੇ ਡਾਢਾ ਤੰਗ
ਚੰਨਾ ਤੇਰੇ ਹਥ ਡੋਰ
ਟੁਟ ਜਾਵੇ ਨਾ ਪਤੰਗ
ਦੋ ਦੋ ਦਿਲ ਚ ਉਪਾਸ਼ਕਾਂ ਨੂੰ ਥਾਂ ਸਜਣਾ
ਤੇਰਾ ਵੀਣੀ ਤੇ ਲਿਖਾਈ ਫਿਰਾਂ ਨਾਂਅ ਸਜਣਾ।

ਕਵੀ ਜਿਥੇ ਹੋਰ ਵਿਸ਼ਿਆਂ ਬਾਰੇ ਲਿਖਦਾ ਹੈ ਸਮਾਜ ਦੀ ਤਬਦੀਲੀ ਬਾਰੇ ਵੀ ਚੇਤੰਨ ਜਾਪਦਾ ਹੈ। ਗੀਤ ਦਾ ਬੰਦ ਪੇਸ਼ ਹੈ—

ਅੱਜ ਕੱਲ੍ਹ ਧਰਤੀ ਦੀ ਤੇ ਧਨ ਦੀ ਗੱਲ ਹੀ ਦੂਰ ਰਹੀ
ਮਾਂ ਤੇ ਪਿਉ ਵੀ ਭਾਈਆਂ ਦੇ ਵਿਚ ਵੰਡੇ ਜਾਂਦੇ ਨੇ।
ਕਿਸ ਕਿਸ ਨੇ ਕਿੰਨੇ ਦਿਨ ਰੋਟੀ ਦੇਣੀ ਇਹਨਾ ਨੂੰ
ਮਰਨੇ ਤੇ ਕਿਸ ਪੈਸੇ ਲਾਉਣੇ ਕਿਸ ਕਿਸ ਥਾਵਾਂ ਤੇ।

ਅੱਜ ਕੱਲ੍ਹ ਦੀ ਮੁਹੱਬਤ ਦਾ ਰੰਗ ਵੀ ਬਦਲ ਗਿਆ ਹੈ। ਹੁਣ ਸੋਹਣੀ ਵਾਂਗ ਝਨਾ ਕੋਈ ਨਹੀਂ ਤਰਦਾ ਤੇ ਨਾ ਸੱਸੀ ਵਾਂਗ ਥਲਾਂ ਵਿਚ ਪੁਨੂੰ ਦੀ ਤਲਾਸ਼ ਕਰਦਾ ਦਾਣਿਆਂ ਵਾਂਗ ਭੁਜਦਾ ਹੈ। ਹੁਣ ਪਿਆਰ, ਮੁਹੱਬਤ ਰੂਹਾਂ ਦੇ ਨਹੀਂ ਸਰੀਰਾਂ ਤਕ ਸੀਮਤ ਹੋ ਗਿਆ ਹੈ—

ਇਸ਼ਕ ਕਦੋਂ ਹੁਣ ਫਿਰਦੈ ਹਾਲ ਫਕੀਰਾਂ ਦੇ।
ਕਿੱਸੇ ਬਦਲ ਗਏ ਨੇ ਰਾਂਝੇ ਹੀਰਾਂ ਦੇ।
ਇਕ ਥਾਉਂ ਟੁੱਟੀ ਦੂਜੇ ਥਾਂ ਤੇ ਲੱਗ ਗਈ
ਅਜ ਕਲ੍ਹ ਦੀ ਹੈ ਸਾਂਝ ਸਬੰਧ ਸਰੀਰਾਂ ਦੇ।

ਇਹ ਦੁਨੀਆਂ ਕਦੋਂ ਤਕ ਪਿਆਰ ਕਰਨ ਵਾਲਿਆਂ ਤੇ ਜ਼ੁਲਮ ਕਰਦੀ ਰਹੇਗੀ—

ਧੁਖਦੇ ਰਹਾਂਗੇ ਕਦ ਤਕ।
ਤਪਦੇ ਰਹਾਂਗੇ ਕਦ ਤਕ।
ਹਿਜਰਾਂ ਦੇ ਮਾਰੂਥਲ ਵਿਚ
ਭੁਜਦੇ ਰਹਾਂਗੇ ਕਦ ਤਕ

ਪਰ ਜਦੋਂ ਪਰਦੇਸੀ ਗੀਤ ਰਾਹੀਂ ਇਸ ਤਰ੍ਹਾਂ ਅਰਜ਼ੋਈ ਕਰਦਾ ਹੈ ਤਾਂ ਪਾਠਕ ਅਤੇ ਸਰੋਤੇ ਦੇ ਧੁਰ ਅੰਦਰ ਤੱਕ ਲਹਿ ਜਾਂਦਾ ਹੈ।

ਮਾਵਾਂ ਤੋਂ ਪੁਤ ਦੂਰ ਨਾ ਹੋਵਣ।
ਮਿਲਣੇ ਨੂੰ ਮਜਬੂਰ ਨਾ ਹੋਵਣ।
ਸਿਸਕੇ ਨਾ ਮਾਵਾਂ ਦੀ ਮਮਤਾ,
ਨੈਣੀਂ ਸੁਪਨੇ ਚੂਰ ਨਾ ਹੋਵਣ।
ਹਰ ਖੇੜੇ ਹਰ ਘਰ ਦੀ ਯਾ ਰਬ,
ਮਾਂ ਨਾ ਤੜਪੇ ਕੋਈ
ਇਹ ਮੇਰੇ
ਗੀਤ ਕਰਨ ਅਰਜ਼ੋਈ।

ਪਰਦੇਸੀ ਜੀਵਨ ਦੇ ਕਈ ਪਹਿਲੂਆਂ ਦੀ ਗਲ ਕਰਦਾ ਹੈ। ਬਹੁਤਾ ਕਰ ਕੇ ਮੈਨੂੰ ਉਸ ਦੇ ਗੀਤਾਂ ਵਿਚ ਬਿਰਹਾ ਨਜ਼ਰ ਆਇਆ ਹੈ ਪਰ ਉਸ ਦੀ ਕਲਮ ਹੱਕ ਸੱਚ ਸੁਖ, ਦੁਖ ਪਿਆਰ, ਮੁਹਬੱਤ, ਭ੍ਰਿਸ਼ਟਾਚਾਰ ਅਤੇ ਸਮਾਜ ਦੀਆਂ ਹੋਰ ਵੀ ਕਈ ਬੁਰਾਈਆਂ ਦਾ ਪ੍ਰਦਾ ਫਾਅਸ਼ ਕਰਦੀ ਹੈ।

ਇਸ ਪੁਸਤਕ ਬਾਰੇ ਹੋਰ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ। ਪਰ ਬਾਕੀ ਮੈਂ ਪਾਠਕਾਂ ਸਰੋਤਿਆਂ ਅਤੇ ਅਲੋਚਕਾਂ ਤੇ ਛਡਦਾ ਹਾਂ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਦੌਰ ਦੇ ਗੰਧਲੇ ਮਾਹੌਲ ਵਿਚ ਰਾਜਿੰਦਰ ਪਰਦੇਸੀ ਨੇ ਸਾਫ਼ ਸੁਥਰੇ ਸਭਿਆਚਾਰਕ ਗੀਤਾਂ ਦੀ ਪੁਸਤਕ ਲਿਖ ਕੇ ਇਕ ਮਾਅਰਕਾ ਮਾਰਿਆ ਹੈ। ਮੈਂ ਪੰਜਾਬੀ ਜਗਤ ਵਲੋਂ ਇਸ 'ਗੀਤ ਕਰਨ ਅਰਜ਼ੋਈ' ਪੁਸਤਕ ਨੂੰ ਜੀ ਆਇਆਂ ਕਹਿੰਦਾ ਹਾਂ ਅਤੇ ਲੇਖਕ ਨੂੰ ਮੁਬਾਰਕਬਾਦ ਪੇਸ਼ ਕਰਦਾ ਹਾਂ।

**ਇੰਦਰਜੀਤ ਹਸਨਪੁਰੀ**

ਕੋਠੀ, ਗੜਵਾ ਚਾਂਦੀ ਦਾ
ਥਰੀਕਾ ਚੌਂਕ, ਫਿਰੋਜ਼ਪੁਰ ਰੋਡ
ਲੁਧਿਆਣਾ— 142021



# ਨਵੀਂ ਨਵੇਲੀ ਸੋਚ ਵਾਲਾ ਸੁਹਿਰਦ ਸ਼ਾਇਰ—ਪਰਦੇਸੀ

ਮਾਣਮੱਤੇ ਪੰਜਾਬ, ਪੰਜਾਬੀਆਂ ਤੇ ਪੰਜਾਬਣਾਂ ਦੀ ਏਹੋ ਹੀ ਖ਼ਾਸ ਵਿਸ਼ੇਸ਼ਤਾ ਤੇ ਵਡੱਤਣ ਹੈ ਕਿ ਹਰ ਵੇਲੇ ਆਪਣੇ ਆਪ ਤੋਂ ਉੱਪਰ ਉੱਠਕੇ ਖੁੱਲ੍ਹੇ ਡੁੱਲ੍ਹੇ ਸੁਭਾਅ ਵਾਂਗੂ ਸਰਬੱਤ ਦੇ ਭਲੇ ਲਈ ਸੁੱਖਾਂ, ਦੁਆਵਾਂ, ਜੋਦੜੀਆਂ ਕਰ ਕਰ ਕਹਿਣਾ:

ਨਾ ਰੁੱਸੇ ਦਿਲਦਾਰ ਕਿਸੇ ਦਾ
ਨਾ ਹੀ ਰੁੱਸੇ ਪਿਆਰ ਕਿਸੇ ਦਾ
ਕਿਸੇ ਦਾ ਮੀਤ ਨਾ ਰੁੱਸੇ ਕੋਈ।
ਇਹ ਮੇਰੇ
ਗੀਤ ਕਰਨ ਅਰਜ਼ੋਈ।

ਪ੍ਰੰਤੂ ਸਮਾਂ ਆਪਣੀ ਤੋਰੇ ਤੁਰਨ ਦਾ ਆਦੀ ਹੈ, ਇਹ ਕਿਸੇ ਨੂੰ ਵੀ ਨਹੀਂ ਬਖਸ਼ਦਾ। ਤੇ ਫਿਰ...

ਨੀਂਦਾਂ ਦੇ ਸਰਨਾਵੇਂ ਖੋਹ ਗਏ।
ਸੁਪਨੇ ਵੀ ਹੁਣ ਸੁਪਨਾ ਹੋ ਗਏ।
ਨਾ ਉਹ ਚੇਹਰਾ ਨਾ ਉਹ ਮੋਹਰਾ
ਨਾ ਉਹ ਰਿਹਾ ਜਲਾਲ।
ਵੇ ਜੋਗੀ
ਮੰਦੜੇ ਹੋ ਗਏ ਹਾਲ।

ਧੁਰ ਅੰਦਰਲੇ ਸੁਨੇਹੜੇ ਦਾ ਗੂੜ੍ਹਾ ਸਾਰ ਤੱਤ ਹੈ ਏਹੋ। ਕਿੰਨੀ ਵੇਦਨਾ ਬੇਹਵਲਤਾ ਕਲੇਜੇ ਨੂੰ ਧੂਹ ਪਾਉਂਦੀ ਤੜਫਣ ਹੈ...ਉਦਰੇਵੇਂ ਦੀ ਬੁੱਕਲ-ਮਾਰੀ ਬੈਠੇ ਗੀਤ ਦੇ ਧੁਰ ਅੰਦਰੋਂ ਨਿਕਲੀ ਇਕ ਚੀਕ ਦੀ ਚੀਸ ਦੀ। ਉਹ ਗੀਤ ਜੋ ਸਾਡੀ ਜੰਮਣ ਪ੍ਰਕ੍ਰਿਆ ਤੋਂ ਲੈ ਕੇ ਮਰਨ ਤੀਕ ਦੀਆਂ ਅੰਤਿਮ ਰਸਮਾਂ ਜਾਣੀ, ਜੰਮਣ-ਘੁੱਟੀ ਤੋਂ ਸ਼ੁਰੂ ਹੋ ਕੇ ਅਲਾਹੁਣੀਆਂ ਤਕ ਸਾਥ ਨਿਭਾਉਂਦਾ ਹੈ।

ਸਾਹਿਤਕ ਕਾਵਿ-ਖੇਤਰ ਵਿਚ ਸਾਹਿਤ ਦੀ ਬਹੁਤ ਹੀ ਕੋਮਲ-ਭਾਵ ਸੁਭਾਵਿਕ ਸਰਲ ਸੰਕੋਚਵੀਂ ਸੰਗੀਤਕ ਵਿਧਾ ਹੈ—ਗੀਤ ਰਚਨਾ। ਜੋ ਕਿ ਹਰ ਗੀਤਕਾਰ ਦੀ ਕਲਮ ਕੋਲੋਂ ਗੀਤ ਦੇ ਮੁਖੜੇ ਤੋਂ ਹੁੰਦੀ ਹੋਈ ਗੀਤ ਦੇ ਅੰਤ ਤਕ ਬੰਦਿਸ਼ ਵਿਚ ਰਹਿੰਦਿਆਂ ਬੋਲ, ਤੋਲ-ਤੁਕਾਂਤ ਅਤੇ ਕਾਫ਼ੀਏ ਰਦੀਫ਼ ਦੀ ਦਰੁਸਤੀ ਅਤੇ ਚੁਸਤੀ ਦੀ ਮੰਗ ਕਰਦੀ ਹੈ। ਹਰ ਰਚਨਾਕਾਰ ਦਾ ਇਹ ਮੁੱਢਲਾ ਫਰਜ਼ ਵੀ ਬਣਦਾ ਹੈ।

ਹੱਥਲੀ ਪੁਸਤਕ "ਗੀਤ ਕਰਨ ਅਰਜ਼ੋਈ" ਦਾ ਗੀਤ "ਕਾਹਨੂੰ ਲਾਈਆਂ ਅੱਖੀਆਂ ਵੇ" ਵਾਲੇ ਗੀਤ ਨੂੰ ਪੜ੍ਹਦਿਆਂ ਹੀ ਮੈਨੂੰ ਯਕਦਮ ਪੰਜਾਬੀ ਦਾ ਮਹਾਨ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਯਾਦ ਆ ਗਿਆ।

"ਮੈਨੂੰ ਹੀਰੇ ਹੀਰੇ ਆਖੇ ਹਾਏ ਨੀਂ ਮੁੰਡਾ ਲੰਬੜਾਂ ਦਾ" ਵਾਲੇ ਗੀਤ ਦੇ ਕਾਫ਼ੀਏ ਨੂੰ ਉਸ ਨੇ ਵੀ ਬਿਲਕੁਲ ਇਵੇਂ ਹੀ ਨਿਭਾਇਆ ਸੀ:

ਮੈਨੂੰ ਹੀਰੇ ਹੀਰੇ ਆਖੇ-ਵਾਂਗ ਸ਼ੁਦਾਈਆਂ ਝਾਕੇ-ਉਹਦੇ ਪਾਣੀ 'ਚ ਸੁਣੀਂਵਣ ਹਾਸੇ-ਲੱਗਾ ਮੇਰੀ ਵੱਖੀ ਸੰਗ ਜਾਪੇ ਅਤੇ ਉਹਦੇ ਸਾਹਾਂ ਦੀ ਸੁਗੰਧ ਆਉਂਦੀ ਜਾਪੇ ਆਦਿ....। ਫਿਰ ਵੀ ਕਿੰਨਾਂ ਹਰਮਨ ਪਿਆਰਾ ਹੋਇਆ ਹੈ ਉਹ ਗੀਤ।

ਕਦੇ ਕਦੇ ਸੋਚੀਦਾ ਹੈ, ਮਨਾਂ, ਗੀਤ ਤਾਂ ਧੁਰ ਅੰਦਰੋਂ ਨਿਕਲੇ ਵਲਵਲੇ ਅਤੇ ਰੂਹ ਦੀ ਖ਼ੁਰਾਕ ਨੇ, ਜੇਕਰ ਰੂਹ ਨੂੰ ਲੋਕ-ਮਨਾਂ ਨੂੰ ਇਵੇਂ ਹੀ ਰੋਣਾ-ਭੋਣਾ ਤੇ ਸਾਦ ਮੁਰਾਦਾ ਚੰਗਾ ਚੰਗਾ ਲਗਦਾ ਹੈ ਤਾਂ ਬਹੁਤੀ ਵੀ ਮੀਨਮੇਖ ਮਾਰਨੀ-ਟਿੰਡ ਵਿਚ ਕਾਨਾ ਪਾਉਣ ਦੇ ਬਰੋਬਰ ਕੋਈ ਐਨੀ ਵਧੀਆ ਸਮਝਦਾਰੀ ਵੀ ਨਹੀਂ।

ਮੈਨੂੰ ਯਾਦ ਹੈ ਸੰਨ 2007 ਵਿਚ ਪਰਦੇਸੀ ਸਾਹਿਬ ਸੱਚਮੁਚ ਹੀ ਪ੍ਰਦੇਸੀਆਂ ਵਾਂਗ ਇੰਗਲੈਂਡ ਦੀ ਧਰਤੀ ਤੇ ਆਏ। ਬਰਮਿੰਘਮ ਉੱਤਰੇ, ਪਤਾ ਲੱਗਾ ਵੁਲਵਰੈਂਪਟਨ ਪਹੁੰਚ ਗਏ। ਵੁਲਵਰੈਂਪਟਨ ਤੋਂ ਗਲਾਸਗੋ (ਸਕਾਟਲੈਂਡ) ਜਾ ਪਹੁੰਚੇ। ਗਲਾਸਗੋ ਤੋਂ ਲੰਡਨ ਜਾ ਵੜੇ। ਕੋਈ ਦੋ ਢਾਈ ਹਫਤਿਆਂ ਵਿਚ ਹੀ ਰਮਤੇ ਜੋਗੀ ਦੀ ਫੇਰੀ ਵਾਂਗ ਪੰਛੀ ਝਾਤ ਪਾਉਂਦੇ ਹੋਏ ਮੁੜ ਜਲੰਧਰ ਜਾ ਵੜੇ। ਜਿੰਨਾ ਚਿਰ ਠਹਿਰੇ...ਬੱਸ ਚੱਲ ਸੋ ਚੱਲ। ਕਈ ਸਾਹਿਤ ਸਭਾਵਾਂ ਤਾਂ ਅਵਾਜ਼ਾਂ ਹੀ ਮਾਰਦੀਆਂ ਰਹਿ ਗਈਆਂ। ਪਤਾ ਲੱਗਾ, ਪੰਜਾਬ ਵਿਚ ਵੀ ਏਹੋ ਹੀ ਹਾਲ ਹੈ ਇਸ ਸ਼ਾਇਰ ਦਾ। ਢੇਰ ਸਾਰੇ ਅਦਾਰਿਆਂ ਦੀਆਂ ਅਹੁਦੇਦਾਰੀਆਂ, ਜ਼ਿੰਮੇਵਾਰੀਆਂ, ਪੀ. ਡਬਲਯੂ. ਡੀ. ਦੀ ਪ੍ਰਧਾਨਗੀ ਐਨਾ ਮੋਹ ਪਿਆਰ, ਪੰਜਾਬੀ ਭਵਨ ਲੁਧਿਆਣਾ ਵਿਚ ਵੀ ਆਉਣਾ ਜਾਣਾ ਅਤੇ ਆਪ ਸਹੇੜੇ ਸ਼ੌਂਕ। ਸ਼ਾਇਰੀ ਲਈ ਖ਼ਬਰੇ ਕਿੱਥੋਂ ਐਨੀ ਫੁਰਸਤ ਮਿਲ ਜਾਂਦੀ ਹੈ।

ਤਾਹੀਓਂ ਤਾਂ ਖੜੋਤ ਨਾਲੋਂ ਪ੍ਰਵਾਹ ਲੱਖ ਦਰਜੇ ਉੱਤਮ ਕਿਰਿਆ ਹੈ। ਰਾਜਿੰਦਰ ਪਰਦੇਸੀ ਹੋਰਾਂ ਗੀਤਾਂ ਵਿਚ ਦਿਲ ਟੁੰਬਵੇਂ ਹੀਰੇ ਮੋਤੀਆਂ ਦੀ ਜੜਤ ਵਰਗੇ ਲਫ਼ਜ਼ ਵਰਤੇ ਹਨ ਕਿ ਦਾਦ ਦੇਣੀ ਹੀ ਬਣਦੀ ਹੈ:

ਖੋਟੇ ਨੇ ਹੁੰਦੇ ਦਿਲ ਦੇ-ਪੱਲਾ ਛੁਡਾਉਣ ਵਾਲੇ
ਪੁੱਛ ਨਾ ਤੂੰ ਰਿਸ਼ਤਿਆਂ ਦੇ ਕਿੰਝ ਦਰਦ ਮੈਂ ਸੰਭਾਲੇ।
ਤੂੰ ਪਿਆਰ ਦਾ ਏਂ ਰਾਹੀ—ਪੱਲਾ ਛੁਡਾ ਕੇ ਨਾ ਜਾਹ!
ਰੁਕ ਜਾਹ ਵੇ ਰੁਕ ਜਾ ਮਾਹੀ
ਪੱਲਾ ਛੁਡਾ ਕੇ ਨਾ ਜਾਹ।

ਮੇਰੀ ਜਾਚੇ ਸ਼ਾਇਰ ਪਰਦੇਸੀ ਘਸੇ ਪਿਟੇ ਮਰੂੰ ਮਰੂੰ ਕਰਦੇ, ਅਤੀਤ ਵਿਚ ਤਰਦੇ ਖ਼ਿਆਲਾਂ ਵਿਚੋਂ ਨਿਕਲ ਕੇ ਨਵਯੁਗ ਦੀ ਨਵ-ਸਿਰਜਣਾ ਵੱਲ ਵਧਦਾ ਹੋਇਆ ਨਵੀਂ ਪਨੀਰੀ, ਨਵੀਂ ਪੀੜ੍ਹੀ ਤੇ ਨਵੀਂ ਨਵੇਲੀ ਸੋਚ ਵਾਲਾ ਸੁਹਿਰਦ ਸ਼ਾਇਰ ਹੈ, ਜਿਸ ਦੇ ਪੱਲੇ ਸਾਰਥਿਕ ਤੇ ਨਰੋਈ ਗੱਲ ਕਹਿਣ ਦੀ ਸਮਰੱਥਾ ਵੀ ਹੈ ਤੇ ਦਲੇਰੀ ਵੀ। ਤਾਂ ਹੀ ਤਾਂ ਰਾਜਿੰਦਰ ਪਰਦੇਸੀ ਦੇ ਉਸਤਾਦ, ਮਰਹੂਮ ਪ੍ਰਿੰ. ਤਖਤ ਸਿੰਘ ਹੋਰਾਂ ਸਾਹਿਤਕਾਰ ਮਾਸਿਕ ਪੱਤਰ ਦੇ ਜੂਨ 1980 ਦੇ ਅੰਕ ਵਿਚ ਹੀ ਲਿਖ ਦਿੱਤਾ ਸੀ।

ਜਿੱਥੋਂ ਤਕ ਵਿਦਿਆ ਦਾ ਸੰਬੰਧ ਹੈ ਸੁਰਜੀਤ ਪਾਤਰ ਅਤੇ ਰਾਜਿੰਦਰ ਪਰਦੇਸੀ ਵਿਚਕਾਰ ਕਾਲੇ ਕੋਹਾਂ ਦੀਆਂ ਵਿੱਥਾਂ ਹਨ ਜਿੱਥੋਂ ਤਕ ਸ਼ਿਅਰ ਜੋੜਨ ਦਾ ਤੁਅੱਲਕ ਹੈ ਦੋਵੇਂ ਆਪਣੀ-ਆਪਣੀ ਰਚਨਾ ਦਾ ਢਾਂਚਾ ਵਸਤਾਂ ਵਿਚਕਾਰਲੇ ਉਹਨਾਂ ਵਿਪਰੀਤ ਤੱਤਾਂ ਦੇ ਸਹਾਰੇ ਉਸਾਰਦੇ ਹਨ ਜਿੰਨਾਂ ਦਾ ਮੇਲ ਕਿਸੇ ਚਮਤਕਾਰੀ ਨੁਕਤੇ ਤੇ ਵੀ ਕਲਪਿਆ ਨਹੀਂ ਜਾ ਸਕਦਾ ਅਤੇ ਉਸਤਾਦ ਸ਼ਾਇਰ ਡਾ. ਜਗਤਾਰ ਹੋਰੀਂ ਪਰਦੇਸੀ ਬਾਰੇ ਲਿਖਦੇ



ਹਨ। ਰਾਜਿੰਦਰ ਪਰਦੇਸੀ ਦੀਆਂ ਗ਼ਜ਼ਲਾਂ, ਗੀਤਾਂ, ਨਜ਼ਮਾਂ ਵਿਚ ਨਾ ਛੰਦ ਪ੍ਰਬੰਧ ਦੀ ਤੰਗਦਸਤੀ ਹੈ ਨਾ ਵਿਸ਼ੇ ਪ੍ਰਤੀ ਦਰਾਜ਼ਦਸਤੀ। ਉਸ ਦੀਆਂ ਗ਼ਜ਼ਲਾਂ ਗੀਤਾਂ ਤੇ ਨਜ਼ਮਾਂ ਵਿਚ ਰੂਪ ਤੇ ਵਿਸ਼ੇ ਦੀ ਹਮਆਹੰਗੀ ਹੈ। ਆਪਣੀ ਢਾਣੀ ਤੇ ਕਵੀਆਂ ਵਿਚੋਂ ਉਹ ਸਿਰਮੌਰ ਅਤੇ ਪ੍ਰੋੜ ਸ਼ਾਇਰ ਹੈ।

ਪਿਆਰ, ਮੁਹੱਬਤ ਵਿਚੋਂ ਮਨਫੀ ਹੋ ਰਹੀ ਸਾਂਝ ਅਤੇ ਮਾਨਵੀ ਰਿਸ਼ਤਿਆਂ ਦੇ ਵਪਾਰੀਕਰਨ ਦਾ ਚਿਤਰਣ ਵੇਖੋ :

ਇਸ਼ਕ ਕਦੋਂ ਹੁਣ ਫਿਰਦਾ ਹਾਲ ਫਕੀਰਾਂ ਦੇ।
ਕਿੱਸੇ ਬਦਲ ਗਏ ਨੇ ਰਾਂਝੇ ਹੀਰਾਂ ਦੇ।
ਇਕ ਥਾਉਂ ਟੁੱਟੀ ਦੂਜੀ ਥਾਂ ਤੇ ਲੱਗ ਗਈ,
ਅੱਜ ਕੱਲ੍ਹ ਦੀ ਹੈ ਸਾਂਝ ਸਬੰਧ ਸਰੀਰਾਂ ਦੇ।
ਕੌਣ ਹੈ ਕਿਸ ਦਾ ਢੋਲ ਨੀ ਜਿੰਦੇ ਮੇਰੀਏ।
ਦਿਲ ਦੇ ਦੁਖੜੇ ਫੋਲ ਨੀ ਜਿੰਦੇ...।

"ਅੱਖਰ ਅੱਖਰ ਤਨਹਾਈ" "ਨਗਮਾ ਉਦਾਸ ਹੈ" "ਉਦਰੇਵੇਂ ਦੀ ਬੁੱਕਲ" "ਗੂੰਗੀ ਰੁੱਤ ਦੀ ਪੀੜ' ਚਾਰ ਕਵਿਤਾਵਾਂ ਗ਼ਜ਼ਲਾਂ ਦੀਆਂ ਪੁਸਤਕਾਂ ਤੋਂ ਬਾਅਦ ਨਿਰੋਲ ਗੀਤਾਂ ਦਾ ਇਹ ਗੀਤ ਸੰਗ੍ਰਹਿ "ਗੀਤ ਕਰਨ ਅਰਜ਼ੋਈ" ਪਰਦੇਸੀ ਹੋਰਾਂ ਵੱਲੋਂ ਪੰਜਾਬੀ ਸਾਹਿਤ ਨੂੰ ਪੰਜਵੀਂ ਅਦੁੱਤੀ ਦੇਣ ਹੈ। ਇਸ ਦੇ ਨਾਲ ਹੀ ਉਹ ਆਪਣੇ ਨਜ਼ਮਾਂ ਦੇ ਸੰਗ੍ਰਹਿ-'ਵਿੱਥ' ਨੂੰ ਵੀ ਤਰਤੀਬ ਦੇ ਰਹੇ ਹਨ। ਮਾਂ ਬੋਲੀ ਪੰਜਾਬੀ ਦਾ ਸਾਹਿਤਕ ਖਜ਼ਾਨਾ ਭਰਪੂਰ ਕਰਨ ਦਾ ਸ਼ਲਾਘਾਯੋਗ ਯਤਨ ਹੈ ਇਹ।

ਮੈਂ ਆਸ ਕਰਦਾ ਹਾਂ ਕਿ ਰਜਿੰਦਰ ਪਰਦੇਸੀ (ਪਰ ਦੇਸੀ) ਦੀਆਂ ਪਹਿਲੀਆਂ ਚੌਹਾਂ ਪੁਸਤਕਾਂ ਵਾਂਗ ਹੀ ਲੇਖਕ ਅਤੇ ਪਾਠਕ ਵਰਗ ਇਸ ਰੰਗ ਬਰੰਗੇ ਗੀਤਾਂ ਦੇ ਗੁਲਦਸਤੇ "ਗੀਤ ਕਰਨ ਅਰਜ਼ੋਈ" ਨੂੰ ਵੀ ਆਪਣੇ ਵਿਸ਼ਾਲ ਹਿਰਦੇ ਵਿਚ ਵਿਸ਼ੇਸ਼ ਸਥਾਨ ਦਿੰਦੇ ਹੋਏ "ਜੀ ਆਇਆਂ" ਆਖਣਗੇ ਅਤੇ ਲੇਖਕ ਨੂੰ ਆਪਣੇ ਵੱਲੋਂ ਭਰਵਾਂ ਹੁੰਗਾਰਾ ਤੇ ਹੱਲਾਸ਼ੇਰੀ ਦੇਣਗੇ ਕਿਉਂਕਿ ਉਹ ਕਹਿੰਦਾ ਜੁ ਹੈ:

ਦੇ ਦੇ ਦਿਲ 'ਚ ਉਪਾਸ਼ਕਾਂ ਨੂੰ ਥਾਂ ਸਜਣਾ।
ਤੇਰਾ ਵੀਣੀ ਤੇ ਲਿਖਾਈ ਫਿਰਾਂ ਨਾਂ ਸਜਣਾ।

ਵਾਹਿਗੁਰੂ ਪਰਦੇਸੀ ਹੋਰਾਂ ਦੀਆਂ ਕਿਰਤਾਂ ਦੇ ਝੰਡੇ ਬੁਲੰਦ ਰੱਖੇ, ਏਹੋ ਮੇਰੀ ਅਰਦਾਸ ਹੈ। ਇਸ ਸਜਰੇ ਸੰਗ੍ਰਹਿ ਦੀਆਂ ਪਰਦੇਸੀ ਸਾਹਿਬ ਨੂੰ ਬਹੁਤ ਬਹੁਤ ਵਧਾਈਆਂ।

ਅੰਤ ਵਿਚ

ਸੁਚੱਜੇ ਸਾਹਿਤਕਾਰਾ ਤਹਿ ਦਿਲੋਂ ਮੈਂ ਦਾਦ ਦਿੰਦਾ ਹਾਂ।
ਇਹ ਸੋਹਣੀ ਕਿਰਤ ਤੇ ਤੈਨੂੰ ਮੁਬਾਰਕਬਾਦ ਦਿੰਦਾ ਹਾਂ।

ਸ਼ੁਭ ਚਿੰਤਕ

**ਤਰਲੋਚਨ ਸਿੰਘ ਚੰਨ ਜੰਡਿਆਲਵੀ**
228 WOODEND RD. WEDNESFIELD
WOLVERHAMPON WV11 1YQ
ENGLAND
0044-1902307995
0044-7949939642

# ਗੀਤ ਕਰਨ ਅਰਜ਼ੋਈ

ਨਾ ਰੁੱਸੇ ਦਿਲਦਾਰ ਕਿਸੇ ਦਾ
ਨਾ ਹੀ ਰੁੱਸੇ ਪਿਆਰ ਕਿਸੇ ਦਾ
ਕਿਸੇ ਦਾ ਮੀਤ ਨਾ ਰੁੱਸੇ ਕੋਈ
ਇਹ ਮੇਰੇ
ਗੀਤ ਕਰਨ ਅਰਜ਼ੋਈ

ਜੋਬਨ ਦੀ ਸੰਗੀਤਕ ਰੁੱਤੇ
ਗੀਤਾਂ ਦੀ ਮਲਕਾ ਨਾ ਰੁੱਸੇ
ਪ੍ਰੀਤਾਂ ਦੇ ਘੁੰਗਰੂ ਹੀ ਛਣਕਣ
ਸਾਹਾਂ ਦੀ ਹਰ ਸਰਗਮ ਉੱਤੇ
ਪੀਂਘ ਮੁਹੱਬਤ ਦੀ ਜਿਸ ਮੌਸਮ
ਰੁੱਤ ਸਾਵਣ ਦੀ ਸੋਈ
ਇਹ ਮੇਰੇ
ਗੀਤ ਕਰਨ ਅਰਜ਼ੋਈ

ਮਾਵਾਂ ਤੋਂ ਪੁਤ ਦੂਰ ਨਾ ਹੋਵਣ
ਮਿਲਣੇ ਨੂੰ ਮਜਬੂਰ ਨਾ ਹੋਵਣ
ਸਿਸਕੇ ਨਾ ਮਾਵਾਂ ਦੀ ਮਮਤਾ
ਨੈਣੀਂ ਸੁਪਨੇ ਚੂਰ ਨਾ ਹੋਵਣ
ਹਰ ਖੇੜੇ, ਹਰ ਘਰ ਦੀ ਯਾ ਰੱਬ
ਮਾਂ ਨਾ ਤੜਪੇ ਕੋਈ
ਇਹ ਮੇਰੇ
ਗੀਤ ਕਰਨ ਅਰਜ਼ੋਈ




ਕੋਈ ਵੀ ਬਾਪੂ ਨਾ ਤੜਪੇ
ਯਾ ਰਬ, ਵੇਲੀ ਪੁੱਤਾਂ ਕਰਕੇ
ਮਾਣ ਕਰੇ ਅਪਣੇ ਪੁਤਰਾਂ ਤੇ
ਜੀਵੇ ਸਿਰ ਨੂੰ ਉੱਚਾ ਕਰਕੇ
ਖੁੱਲ-ਖੁੱਲ ਹੱਸੇ, ਹੁਬ-ਹੁਬ ਦੱਸੇ
ਮੇਰੇ ਪੁੱਤ ਜਿਹਾ ਨਾ ਕੋਈ
ਇਹ ਮੇਰੇ
ਗੀਤ ਕਰਨ ਅਰਜ਼ੋਈ


ਵੀਰਾਂ ਦੀ ਗਲ ਵੀਰ ਪੁਗਾਵਣ
ਇਕ ਦੂਜੇ ਨੂੰ ਸੀਨੇ ਲਾਵਣ
ਵੱਸਣ ਸਾਰੇ ਨਾਲ ਮੁਹੱਬਤ
ਸਾਰੇ ਰਲ ਕੇ ਭੰਗੜੇ ਪਾਵਣ
ਸਾਂਝਾਂ ਦੇ ਮਣਕੇ ਜੀਵਨ ਦੀ
ਮਾਲਾ ਜਾਣ ਪਰੋਈ
ਇਹ ਮੇਰੇ
ਗੀਤ ਕਰਨ ਅਰਜ਼ੋਈ

ਵੀਰ ਭੈਣਾਂ ਦੇ ਸੁੱਖੀਂ ਵੱਸਣ
ਭੈਣਾਂ ਦੇ ਸਿਰ ਤੇ ਹੱਥ ਰੱਖਣ
ਹਰ ਰੱਖੜੀ ਤੇ ਆਵਣ ਵੀਰੇ
ਹਰ ਰੱਖੜੀ ਤੇ ਮਹਿਕਾਂ ਨੱਚਣ
'ਪਰਦੇਸੀ' ਵੀਰਾਂ ਨੂੰ ਆਵੇ
ਭੈਣਾਂ ਦੀ ਖੁਸ਼ਬੋਈ
ਇਹ ਮੇਰੇ
ਗੀਤ ਕਰਨ ਅਰਜ਼ੋਈ

ਨਾ ਰੁੱਸੇ ਦਿਲਦਾਰ ਕਿਸੇ ਦਾ
ਨਾ ਹੀ ਰੁੱਸੇ ਪਿਆਰ ਕਿਸੇ ਦਾ
ਕਿਸੇ ਦਾ ਮੀਤ ਨਾ ਰੁੱਸੇ ਕੋਈ
ਇਹ ਮੇਰੇ
ਗੀਤ ਕਰਨ ਅਰਜ਼ੋਈ







## ਪੱਲਾ ਛੁੜਾ ਕੇ ਨਾ ਜਾਹ

ਰੁਕ ਜਾਹ ਵੇ ਰੁਕ ਜਾਹ ਮਾਹੀ
ਪੱਲਾ ਛੁੜਾ ਕੇ ਨਾ ਜਾਹ
ਮੈਂ ਪਿਆਸ ਤੂੰ ਸੁਰਾਹੀ
ਪੱਲਾ ਛੁੜਾ ਕੇ ਨਾ ਜਾਹ

ਖੋਟੇ ਨੇ ਹੁੰਦੇ ਦਿਲ ਦੇ
ਪੱਲਾ ਛੁਡਾਉਣ ਵਾਲੇ
ਪੁੱਛ ਨਾ ਤੂੰ ਰਿਸ਼ਤਿਆਂ ਦੇ
ਕਿੰਜ ਦਰਦ ਮੈਂ ਸੰਭਾਲੇ

ਤੂੰ ਪਿਆਰ ਦਾ ਏਂ ਰਾਹੀ
ਪੱਲਾ ਛੁੜਾ ਕੇ ਨਾ ਜਾਹ
ਰੁਕ ਜਾਹ ਵੇ ਰੁਕ ਜਾਹ ਮਾਹੀ
ਪੱਲਾ ਛੁੜਾ ਕੇ ਨਾ ਜਾਹ

ਇਹ ਇਸ਼ਕ ਉਹ ਸਮੁੰਦਰ
ਜਿਸ ਦਾ ਨਹੀਂ ਕਿਨਾਰਾ
ਇਸ ਵਿਚ ਜੋ ਠਿੱਲ ਗਿਆ
ਉਹ ਮੁੜਦਾ ਨਹੀਂ ਦੁਬਾਰਾ

ਇਹ ਇਸ਼ਕ ਹੈ ਇਲਾਹੀ
ਪੱਲਾ ਛੁੜਾ ਕੇ ਨਾ ਜਾਹ
ਮੈਂ ਪਿਆਸ ਤੂੰ ਸੁਰਾਹੀ
ਪੱਲਾ ਛੁੜਾ ਕੇ ਨਾ ਜਾਹ



ਧੁਖਦੇ ਰਹਾਂਗੇ ਕਦ ਤਕ
ਤਪਦੇ ਰਹਾਂਗੇ ਕਦ ਤਕ
ਹਿਜਰਾਂ ਦੇ ਮਾਰੂਥਲ ਵਿਚ
ਭੁਜਦੇ ਰਹਾਂਗੇ ਕਦ ਤਕ

ਰੁਕ ਜਾਹ ਨਾ ਕਰ ਤਬਾਹੀ
ਪੱਲਾ ਛੁੜਾ ਕੇ ਨਾ ਜਾਹ
ਰੁਕ ਜਾਹ ਵੇ ਰੁਕ ਜਾਹ ਮਾਹੀ
ਪੱਲਾ ਛੁੜਾ ਕੇ ਨਾ ਜਾਹ

ਰਿਸ਼ਤੇ ਨਿਭਾਉਣ ਵਾਲੇ
ਰਿਸ਼ਤੇ ਬੁਲੰਦ ਰੱਖੀਂ
"ਪਰਦੇਸੀ" ਝੰਗ ਦੇ ਤੂੰ
ਰੁਤਬੇ ਬੁਲੰਦ ਰੱਖੀਂ

ਤੇਰੀ ਹੈ ਸ਼ਹਿਨਸ਼ਾਹੀ
ਪੱਲਾ ਛੁੜਾ ਕੇ ਨਾ ਜਾਹ

ਰੁਕ ਜਾਹ ਵੇ ਰੁਕ ਜਾਹ ਮਾਹੀ
ਪੱਲਾ ਛੁੜਾ ਕੇ ਨਾ ਜਾਹ
ਮੈਂ ਪਿਆਸ ਤੂੰ ਸੁਰਾਹੀ
ਪੱਲਾ ਛੁੜਾ ਕੇ ਨਾ ਜਾਹ



## ਹਾਸਿਆਂ ਦੀ ਸਹੁੰ

ਸਾਨੂੰ ਹੱਸ ਕੇ ਵਿਖਾ ਦੇ
ਤੈਨੂੰ ਹਾਸਿਆਂ ਦੀ ਸਹੁੰ

ਰੱਤਾ ਘੁੰਡ ਸਰਕਾ ਦੇ
ਤੈਨੂੰ ਹਾਸਿਆਂ ਦੀ ਸਹੁੰ

ਸਾਡੀ ਝੋਲੀ ਖ਼ੈਰ ਪਾ ਦੇ
ਤੈਨੂੰ ਹਾਸਿਆਂ ਦੀ ਸਹੁੰ

ਚੰਨ ਚਾਨਣੀ ਦੀ ਸਹੁੰ
ਸਾਨੂੰ ਤਾਰਿਆਂ ਦੀ ਸਹੁੰ

ਤੇਰੇ ਲੌਂਗ ਵਿੱਚੋਂ ਪੈਂਦੇ
ਲਿਸ਼ਕਾਰਿਆਂ ਦੀ ਸਹੁੰ

ਤੇਰੇ ਨੈਣਾਂ ਦਾ ਹੈ ਜਦ ਤੋਂ
ਦੀਦਾਰ ਹੋ ਗਿਆ

ਸਾਨੂੰ ਵੈਰੀਆਂ ਦੇ ਨਾਲ
ਵੀ ਹੈ ਪਿਆਰ ਹੋ ਗਿਆ

ਬੰਦ ਬੂਹੇ ਖੜਕਾ ਦੇ
ਤੈਨੂੰ ਵਾਸਿਆਂ ਦੀ ਸਹੁੰ

ਸਾਨੂੰ ਹੱਸ ਕੇ ਵਿਖਾ ਦੇ
ਤੈਨੂੰ ਹਾਸਿਆਂ ਦੀ ਸਹੁੰ

ਤੇਰੀ ਚੁੱਪ ਨੇ ਹੈ ਕੀਤੀ
ਸਾਡੀ ਮੁੱਠੀ ਵਿਚ ਜਾਨ

ਗੀਤ ਹਉਕਿਆਂ ਦੇ ਸਾਗਰਾਂ 'ਚ
ਡੁੱਬ ਡੁੱਬ ਜਾਣ

ਸਾਡੀ ਜਿੰਦ ਨੂੰ ਬਚਾ ਲੈ
ਸਾਡੇ ਗੀਤਾਂ ਨੂੰ ਬਚਾ ਲੈ

ਇਹਨਾਂ ਡੁੱਬ-ਡੁੱਬ ਜਾਂਦੀਆਂ
ਪ੍ਰੀਤਾਂ ਨੂੰ ਬਚਾ ਲੈ

ਕੇਰਾਂ ਵੰਗਾਂ ਛਣਕਾ ਦੇ
ਤੈਨੂੰ ਵੀਣੀਆਂ ਦੀ ਸਹੁੰ

ਰੱਤਾ ਘੁੰਡ ਸਰਕਾ ਦੇ
ਤੈਨੂੰ ਅੱਖੀਆਂ ਦੀ ਸਹੁੰ

ਸਾਨੂੰ ਸਿਹਰਿਆਂ ਦੀ ਸਹੁੰ
ਤੇਰੇ ਰਹਾਂਗੇ ਮੁਰੀਦ

ਤੈਨੂੰ ਗਾਨਿਆਂ ਦੀ ਸਹੁੰ
ਸਾਡਾ ਬਣ ਜੀਂ ਨਸੀਬ



ਖਿੜੀ ਰਹੇ "ਪਰਦੇਸੀ"
ਸ਼ਾਲਾ ਦਿਲਾਂ ਦੀ ਉਮੰਗ

ਸਾਡੇ ਹਾਸਿਆਂ ਦੇ ਰੰਗ
ਨਾ ਇਹ ਹੋਣ ਬਦਰੰਗ

ਤੈਨੂੰ ਤੇਰੇ ਉੱਤੋਂ ਵਾਰਿਆਂ
ਪਤਾਸਿਆਂ ਦੀ ਸਹੁੰ

ਸਾਨੂੰ ਹੱਸ ਕੇ ਵਿਖਾ ਦੇ
ਤੈਨੂੰ ਹਾਸਿਆਂ ਦੀ ਸਹੁੰ

ਰੱਤਾ ਘੁੰਡ ਸਰਕਾ ਦੇ
ਤੈਨੂੰ ਅੱਖੀਆਂ ਦੀ ਸਹੁੰ



# ਕਿੱਥੇ ਗਿਆ ਪੰਜਾਬ

ਨਾ ਉਹ ਕਿਧਰੋਂ ਆਉਣ ਸੁਗੰਧੀਆਂ
ਨਾ ਉਹ ਦਿਸਣ ਗੁਲਾਬ
ਕਿੱਥੇ ਗਿਆ ਪੰਜਾਬ
ਉਹ ਮੇਰਾ ਕਿੱਥੇ ਗਿਆ ਪੰਜਾਬ

ਦੁਧ ਦਹੀਂ ਦੀਆਂ ਨਹਿਰਾਂ ਦਾ ਸੀ ਜਿੱਥੇ ਸ਼ੋਰ ਬੜਾ
ਉਸ ਧਰਤੀ ਤੇ ਵਗਦੇ ਅਜ ਕਲ ਨਸ਼ਿਆਂ ਦੇ ਦਰਿਆ
ਪੌਣਾਂ ਦੇ ਗਲ ਲਗ ਲਗ ਰੋਇਆ ਧਾਹਾਂ ਮਾਰ ਚਨਾਬ
ਉਹ ਮੇਰਾ
ਕਿੱਥੇ ਗਿਆ ਪੰਜਾਬ

ਨਾ ਉਹ ਰੰਗਲੇ ਪੀਹੜੇ ਰਹਿ ਗਏ ਪੀਂਘਾਂ ਝੂਟਣ ਵਾਲੇ
ਨਾ ਉਹ ਕਿਧਰੇ ਖੇਡਾਂ ਰਹੀਆਂ ਨਾ ਉਹ ਖੇਡਣ ਵਾਲੇ
ਮੱਲਾਂ ਦੇ ਅੱਖਾੜੇ ਹੁਣ ਤਾਂ ਬਣਦੇ ਜਾਂਦੇ ਖ਼ਾਬ
ਉਹ ਮੇਰਾ
ਕਿੱਥੇ ਗਿਆ ਪੰਜਾਬ

ਨਾ ਉਹ ਸਾਂਝੇ ਚੁਲ੍ਹੇ ਰਹਿ ਗਏ ਨਾ ਹੀ ਮੋਹ ਤੇ ਪਿਆਰ
ਮਾਪਿਆਂ, ਪੁੱਤਾਂ, ਭੈਣਾਂ, ਭਾਈਆਂ ਬਦਲ ਲਏ ਕਿਰਦਾਰ
ਖ਼ੁਦਗ਼ਰਜ਼ੀ ਦੀ ਪਾਈ ਫਿਰਦੇ ਚਾਤੁਰ ਲੋਕ ਨਕਾਬ
ਉਹ ਮੇਰਾ
ਕਿੱਥੇ ਗਿਆ ਪੰਜਾਬ



ਚੋਰ ਚੁਰਾ ਕੇ ਲੈ ਗਏ ਸਾਡੇ ਗੀਤਾਂ ਦੀ ਫੁਲਕਾਰੀ
ਨੰਗੇ ਸ਼ਬਦਾਂ ਦੀ 'ਪਰਦੇਸੀ' ਸਾਜ਼ਾਂ ਤੇ ਸਰਦਾਰੀ
'ਹੇ ਨਾਨਕ' ਹੁਣ ਮਰਦਾਨੇ ਦੀ ਸੁਣਦੈ ਕੌਣ ਰਬਾਬ
ਉਹ ਮੇਰਾ
ਕਿੱਥੇ ਗਿਆ ਪੰਜਾਬ

ਨਾ ਉਹ ਕਿਧਰੋਂ ਆਉਣ ਸੁਗੰਧੀਆਂ ਨਾ ਉਹ ਦਿਸਣ ਗੁਲਾਬ
ਕਿੱਥੇ ਗਿਆ ਪੰਜਾਬ
ਉਹ ਮੇਰਾ ਕਿੱਥੇ ਗਿਆ ਪੰਜਾਬ

ਨਾ ਉਹ ਕਿਧਰੋਂ ਆਉਣ ਸੁਗੰਧੀਆਂ
ਨਾ ਉਹ ਦਿਸਣ ਗੁਲਾਬ
ਕਿੱਥੇ ਗਿਆ ਪੰਜਾਬ
ਉਹ ਮੇਰਾ ਕਿੱਥੇ ਗਿਆ ਪੰਜਾਬ



## ਦੂਰ ਦੂਰ ਦੂਰ

ਅਸੀਂ ਹੋਈਏ, ਕੋਲ ਕੋਲ ਤੁਸੀਂ ਦੂਰ ਦੂਰ ਦੂਰ
ਲੱਗੋਂ ਕਿੰਨਾ ਸੋਹਣੇ ਵੇਖੋਂ ਜਦੋਂ ਘੂਰ ਘੂਰ ਘੂਰ

ਛਾਈ ਚੜਦੀ ਜਵਾਨੀ ਦੀ ਹੈ ਪੌਣ ਪੌਣ ਪੌਣ
ਕੱਲ ਯਾਰ ਯਾਰ ਯਾਰ ਅੱਜ ਕੌਣ ਕੌਣ ਕੌਣ
ਹੁਣੇ ਕੋਲ ਕੋਲ ਕੋਲ ਹੁਣੇ ਦੂਰ ਦੂਰ ਦੂਰ
ਲੱਗੋਂ ਕਿੰਨਾ ਸੋਹਣੇ ਵੇਖੋਂ ਜਦੋਂ ਘੂਰ ਘੂਰ ਘੂਰ

ਥੋਡੇ ਨੈਣਾਂ ਨੇ ਸ਼ਰਾਬੀ ਦਿੱਤੇ ਕੀਲ ਕੀਲ ਕੀਲ
ਅਸੀਂ ਤੋੜ ਤੇ ਪਿਆਲੇ ਸਾਡੀ ਹੀਲ ਹੀਲ ਹੀਲ
ਸਾਡੇ ਦਿਲਾਂ ਦੇ ਗਲਾਸ ਹੋਏ ਚੂਰ ਚੂਰ ਚੂਰ
ਅਸੀਂ ਹੋਈਏ ਨੇੜੇ ਨੇੜੇ ਤੁਸੀਂ ਦੂਰ ਦੂਰ ਦੂਰ

ਥੋਨੂੰ ਵੇਖ ਵੇਖ ਦਿਲ ਜਾਵੇ ਘਟ ਘਟ ਘਟ
ਮਰ ਜਾਈਏ ਥਾਏਂ ਕਹਿ ਦਿਉਂ ਜਾਂ ਹਟ ਹਟ ਹਟ
ਜਦੋਂ ਹੱਸੋਂ ਤਾਂ ਚੁਫੇਰਾ ਹੋ ਜੇ ਨੂਰ ਨੂਰ ਨੂਰ
ਲੱਗੋਂ ਕਿੰਨਾ ਸੋਹਣੇ ਵੇਖੋਂ ਜਦੋਂ ਘੂਰ ਘੂਰ ਘੂਰ



ਕਿੰਜ ਰੱਖੋਗੇ ਪਿਆਰ ਦੱਸੋ ਘੁੱਟ ਘੁੱਟ ਘੁੱਟ
ਜਿੰਦ ਜਾਨ "ਪਰਦੇਸੀ" ਕੋਲੋਂ ਲੁਕ ਲੁਕ ਲੁਕ
ਹੋਣ ਲੱਗ ਪਈ ਜਲੰਧਰ 'ਚ ਹੂਰ ਹੂਰ ਹੂਰ
ਲੱਗੋਂ ਕਿੰਨਾ ਸੋਹਣੇ ਵੇਖੋਂ ਜਦੋਂ ਘੂਰ ਘੂਰ ਘੂਰ

ਅਸੀਂ ਹੋਈਏ,ਕੋਲ ਕੋਲ ਤੁਸੀਂ ਦੂਰ ਦੂਰ ਦੂਰ
ਲੱਗੋਂ ਕਿੰਨਾ ਸੋਹਣੇ ਵੇਖੋਂ ਜਦੋਂ ਘੂਰ ਘੂਰ ਘੂਰ



# ਅਸੀਂ ਤੜਪੇ ਬਥੇਰਾ

ਅਸੀਂ ਤੜਪੇ ਬਥੇਰਾ ਸਾਥੋਂ ਝੱਲ ਹੀ ਨਾ ਹੋਈਆਂ
ਤੇਰੇ ਸ਼ਹਿਰ ਦੀਆਂ ਪੌਣਾ ਜਦੋਂ ਗਲ਼ ਲੱਗ ਰੋਈਆਂ

ਅਸੀਂ ਸਿਵੇ ਵਾਂਗੂੰ ਮੱਚੇ ਭੁੱਜੇ ਦਾਣਿਆਂ ਦੇ ਵਾਂਗ
ਜਦੋਂ ਲੰਘੇ ਤੁਸੀਂ ਕੋਲੋਂ ਅਣਜਾਣਿਆਂ ਦੇ ਵਾਂਗ
ਡਾਢਾ ਦਿਲ ਥਾਣੀ ਰੋਏ ਜਦੋਂ ਅੱਖੀਆਂ ਨਾ ਰੋਈਆਂ
ਅਸੀਂ ਤੜਪੇ ਬਥੇਰਾ ਸਾਥੋਂ ਝੱਲ ਹੀ ਨਾ ਹੋਈਆਂ

ਅਸੀਂ ਭੁੱਲ ਹੀ ਗਏ ਸਾਂ ਗਉਣਾ ਜ਼ਿੰਦਗੀ ਦਾ ਗੀਤ
ਤੁਸੀਂ ਯਾਦ ਕਰਵਾਈ ਸਾਨੂੰ ਗੀਤਾਂ ਦੀ ਪ੍ਰੀਤ
ਅੱਜ ਗੀਤਾਂ ਦੀ ਕਚਹਿਰੀ 'ਚ ਸਜ਼ਾਵਾਂ ਸਾਨੂੰ ਹੋਈਆਂ
ਅਸੀਂ ਤੜਪੇ ਬਥੇਰਾ ਸਾਥੋਂ ਝੱਲ ਹੀ ਨਾ ਹੋਈਆਂ







ਪਹਿਲਾਂ ਤਿੜਕੇ ਸੀ ਕੁਝ ਹੁਣ ਠੀਕਰੀਆਂ ਹੋਏ
ਪਹਿਲਾਂ ਹਾਰੇ ਹਾਰੇ ਲਗਦੇ ਸਾਂ ਹੁਣ ਮੋਏ ਮੋਏ
ਇਕ ਜਨਮ 'ਚ ਮੌਤਾਂ ਵੇਖੋ ਕਿੰਨੀ ਵਾਰੀ ਹੋਈਆਂ
ਅਸੀਂ ਤੜਪੇ ਬਥੇਰਾ ਸਾਥੋਂ ਝੱਲ ਹੀ ਨਾ ਹੋਈਆਂ

ਨਾ ਉਹ ਰੂਪ ਹੀ ਰਿਹਾ ਨਾ ਰਿਹਾ ਰੰਗ 'ਪਰਦੇਸੀ'
ਤੂੰ ਤਾਂ ਜ਼ਿੰਦਗੀ ਬਣਾ ਲਈ ਬਦਰੰਗ 'ਪਰਦੇਸੀ'
ਹੋਣ ਕਿਸੇ ਦੇ ਵੀ ਨਾਲ ਨਾ ਜੋ ਤੇਰੇ ਨਾਲ ਹੋਈਆਂ
ਅਸੀਂ ਤੜਪੇ ਬਥੇਰਾ ਸਾਥੋਂ ਝੱਲ ਹੀ ਨਾ ਹੋਈਆਂ

ਅਸੀਂ ਤੜਪੇ ਬਥੇਰਾ ਸਾਥੋਂ ਝੱਲ ਹੀ ਨਾ ਹੋਈਆਂ
ਤੇਰੇ ਸ਼ਹਿਰ ਦੀਆਂ ਪੌਣਾਂ ਜਦੋਂ ਗਲ਼ ਲੱਗ ਰੋਈਆਂ

# ਸ਼ਰੀਕਣਾਂ ਨੂੰ ਮੱਚ ਲੈਣ ਦੇ

ਮੈਨੂੰ ਰੋਕੀਂ ਨਾ ਤੂੰ ਅੱਜ
ਮੈਨੂੰ ਟੋਕੀਂ ਨਾ ਤੂੰ ਅੱਜ

ਪਾ ਕੇ ਚਾਂਦੀ ਦੀਆਂ ਝਾਂਜਰਾਂ ਵੇ ਨੱਚ ਲੈਣ ਦੇ
ਮੱਚ ਜਾਣੀਆਂ ਸ਼ਰੀਕਣਾਂ ਨੂੰ ਮੱਚ ਲੈਣ ਦੇ

ਵੇਖੀ ਰਾਂਗਲਾ ਪਰਾਂਦਾ ਗਿੱਟਿਆਂ ਨੂੰ ਚੁੰਮਦਾ
ਨਾਲੇ ਧਰਤੀ 'ਸਮਾਨ ਵੇਖੀਂ ਕਿਵੇਂ ਘੁੰਮਦਾ
ਵੇ ਮੈਂ ਦਿੱਤਾ ਜਦੋਂ ਗੇੜਾ
ਨੱਚੂ ਮੇਰੇ ਨਾਲ ਕਿਹੜਾ
ਸਾਨੂੰ ਚੜ੍ਹਦੀ ਜਵਾਨੀ ਕੋਲੋਂ ਹੱਕ ਲੈਣ ਦੇ
ਮੱਚ ਜਾਣਗੀਆਂ ਸ਼ਰੀਕਣਾਂ ਨੂੰ ਮੱਚ ਲੈਣ ਦੇ

ਸਾਨੂੰ ਨੱਚਣ ਦੇ ਚਾਅ ਕੀਤਾ ਚੂਰ-ਚੂਰ ਵੇ
ਝੜ ਜਾਣਾ ਰੁੱਤ ਨਾਲ ਅੰਬੀਆਂ ਦਾ ਬੂਰ ਵੇ
ਬੀਤੀ ਅਉਧ ਕੀ ਨਿਆਣੀ
ਚਾਅ ਚੜ੍ਹੇ ਅਸਮਾਨੀ
ਸਾਨੂੰ ਅੰਬਰਾਂ ਦੇ ਤਾਰਿਆਂ ਨੂੰ ਤੱਕ ਲੈਣ ਦੇ
ਮੱਚ ਜਾਣੀਆਂ ਸ਼ਰੀਕਣਾਂ ਨੂੰ ਮੱਚ ਲੈਣ ਦੇ





ਸਾਥੋਂ ਸੱਧਰਾਂ ਤੇ ਚਾਅ ਵੇ ਹੁਣ ਜਾਣ ਨਾ ਲਕੋਏ
ਅਸੀਂ ਫੁੱਲਾਂ ਦੀਆਂ ਮਹਿਕਾਂ ਨਾਲੋਂ ਦੂਣੇ ਚੌਣੇ ਹੋਏ
ਬਾਗ਼ ਛਾਣ ਲੈ ਤੂੰ ਕੁੱਲ
ਨਹੀਂ ਸਾਡੇ ਜਿਹਾ ਫੁੱਲ
ਇਹ ਵੀ ਫੁੱਲ ਫੁੱਲਦਾਨ ਵਿਚ ਜੱਚ ਲੈਣ ਦੇ
ਮੱਚ ਜਾਣੀਆਂ ਸ਼ਰੀਕਣਾਂ ਨੂੰ ਮੱਚ ਲੈਣ ਦੇ

ਸਾਡੀ ਜਿੰਦ ਪਰਦੇਸੀ ਸਾਡੀ ਜਾਨ ਪਰਦੇਸੀ
ਅਸੀਂ ਰਾਂਗਲੇ ਫੁੱਲਾਂ ਦੀ ਮੁਸਕਾਨ ਪਰਦੇਸੀ
ਦਿਲ ਛੱਡ ਆਏ ਮੋਗੇ
ਹਾਂ ਜਲੰਧਰ ਦੇ ਜੋਗੇ
ਹੱਸ ਖੇਡ ਸਾਨੂੰ ਚਾਰ ਦਿਨ ਕੱਟ ਲੈਣ ਦੇ
ਮੱਚ ਜਾਣੀਆਂ ਸ਼ਰੀਕਣਾਂ ਨੂੰ ਮੱਚ ਲੈਣ ਦੇ

ਮੈਨੂੰ ਰੋਕੀਂ ਨਾ ਤੂੰ ਅੱਜ
ਮੈਨੂੰ ਟੋਕੀਂ ਨਾ ਤੂੰ ਅੱਜ
ਪਾ ਕੇ ਚਾਂਦੀ ਦੀਆਂ ਝਾਂਜਰਾਂ ਵੇ ਨੱਚ ਲੈਣ ਦੇ
ਮੱਚ ਜਾਣੀਆਂ ਸ਼ਰੀਕਣਾਂ ਨੂੰ ਮੱਚ ਲੈਣ ਦੇ

# ਇਹ ਕੇਹੇ ਦਿਨ ਆਏ।

ਇਹ ਕੇਹੇ ਦਿਨ ਆਏ
ਵੇ ਸੱਜਣਾ
ਇਹ ਕੇਹੇ ਦਿਨ ਆਏ
ਸਾਡੀਆਂ ਬੁੱਲ੍ਹੀਆਂ ਉੱਤੇ ਹਾਸੇ
ਰਹਿ ਗਏ ਧਰੇ ਧਰਾਏ

ਉਡ ਗਈਆਂ ਕਲੀਆਂ ਦੀਆਂ ਮਹਿਕਾਂ
ਉਡ ਗਈਆਂ ਮੁਸਕਾਨਾਂ
ਹੁਣ ਨਾ ਬਾਗੀਂ ਬਲਬੁਲ ਕੋਈ
ਗਉਦੀ ਸੁਣੇ ਤਰਾਨਾ

ਸਿਖ਼ਰ ਦੁਪਹਿਰੇ ਹੀ ਰੁੱਖਾਂ ਦੇ
ਲੰਮੇ ਹੋ ਗਏ ਸਾਏ
ਵੇ ਸੱਜਣਾ
ਇਹ ਕੇਹੇ ਦਿਨ ਆਏ

ਕਿਸ ਕਿਸ ਤੋਂ ਮੈਂ ਦਰਦ ਲੁਕਾਵਾਂ
ਕਿਸ ਕਿਸ ਨੂੰ ਮੈਂ ਦੱਸਾਂ
ਹਉਕੇ ਕਿਰ ਕਿਰ ਪੈਣ ਲਬਾਂ ਚੋਂ
ਭੁਲ ਕੇ ਵੀ ਜਦ ਹੱਸਾਂ

ਯਾਦਾਂ ਦਾ ਇਕ ਝੱਖੜ
ਤਤੜੀ ਜਿੰਦੂ ਤੇ ਝੁਲ ਜਾਏ
ਵੇ ਸੱਜਣਾ
ਇਹ ਕੇਹੇ ਦਿਨ ਆਏ





ਕੀ ਖ਼ਬਰਾਂ ਸਨ ਇਸ਼ਕ ਮੇਰੇ ਦੀ
ਇਹ ਦੁਰਗੱਤ ਬਣੇਗੀ
ਏਨਾ ਛੋਟਾ ਜੀਵਨ ਏਨੀ
ਲੰਮੀ ਮੌਤ ਮਿਲੇਗੀ

ਆ "ਪਰਦੇਸੀ" ਤਪਦਾ ਜੋਬਨ
ਠੰਢੜੀ ਮੌਤ ਹੰਢਾਏ
ਵੇ ਸੱਜਣਾ
ਇਹ ਕੇਹੇ ਦਿਨ ਆਏ

ਇਹ ਕੇਹੇ ਦਿਨ ਆਏ
ਵੇ ਸੱਜਣਾ
ਇਹ ਕੇਹੇ ਦਿਨ ਆਏ
ਸਾਡੀਆਂ ਬੁੱਲ੍ਹੀਆਂ ਉੱਤੇ ਹਾਸੇ
ਰਹਿ ਗਏ ਧਰੇ ਧਰਾਏ

# ਰੱਬਾ ਮੇਰਿਆ

ਅੱਗਾਂ ਜਦੋਂ ਰੂਪ ਨੇ ਮਚਾਈਆਂ ਰੱਬਾ ਮੇਰਿਆ
ਇਸ਼ਕੇ ਨੇ ਦਿੱਤੀਆਂ ਦੁਹਾਈਆਂ ਰੱਬਾ ਮੇਰਿਆ

ਭੂਰਿਆਂ ਨੈਣਾਂ 'ਚ ਕਾਲਾ ਕਜਲਾ ਨਚਾਉਂਦੇ ਨੇ
ਕਾਲੇ ਕਾਲੇ ਨੈਣ ਡਾਕਾ ਚਿੱਟੇ ਦਿਨ ਪਾਉਂਦੇ ਨੇ
ਇਹਨਾਂ ਨੂੰ ਕਿਉਂ ਦਿੱਤੀਆਂ ਸਲਾਈਆਂ ਰੱਬਾ ਮੇਰਿਆ
ਇਸ਼ਕੇ ਨੇ ਪਾ ਤੀਆਂ ਦੁਹਾਈਆਂ ਰੱਬਾ ਮੇਰਿਆ

ਮਹਿੰਦੀ ਜਦੋਂ ਲਾਉਂਦੀਆਂ ਨੇ ਨਵੀਆਂ ਨਵੇਲੀਆਂ
ਮਾਘ ਦੇ ਮਹੀਨੇ ਨੂੰ ਵੀ ਆਉਂਦੀਆਂ ਤਰੇਲੀਆਂ
ਧੁੰਦ 'ਚ ਜਾਂ ਵੰਗਾਂ ਛਣਕਾਈਆਂ ਰੱਬਾ ਮੇਰਿਆ
ਇਸ਼ਕੇ ਨੇ ਦਿੱਤੀਆਂ ਦੁਹਾਈਆਂ ਰੱਬਾ ਮੇਰਿਆ

ਲੁੱਟ ਕੇ ਗ਼ਰੀਬ ਨੂੰ ਵਿਖਾਉਂਦੇ ਹੱਸ-ਹੱਸ ਕੇ
ਮੋਮ ਦੇ ਪੱਥਰ ਤੂੰ ਬਣਾਏ ਕਿੰਜ ਦੱਸ ਦੇ
ਫੇਰ ਕੀ ਕੀ ਪਾੜ੍ਹਤਾਂ ਪੜ੍ਹਾਈਆਂ ਰੱਬਾ ਮੇਰਿਆ
ਇਸ਼ਕੇ ਨੇ ਦਿੱਤੀਆਂ ਦੁਹਾਈਆਂ ਰੱਬਾ ਮੇਰਿਆ





ਆਸ਼ਿਕ ਮਿਜਾਜ਼ ਏਂ ਤੂੰ ਖ਼ੂਬ ਹਾਂ ਇਹ ਜਾਣ ਦੇ
ਵਾਸੀ 'ਪਰਦੇਸੀ' ਇਹ ਨੇ ਤੇਰੇ ਈ ਜਹਾਨ ਦੇ
ਤੂੰ ਹੀ ਨੇ ਸਿਖਾਈਆਂ ਚਤੁਰਾਈਆਂ ਰੱਬਾ ਮੇਰਿਆ
ਇਸ਼ਕੇ ਨੇ ਦਿੱਤੀਆਂ ਦੁਹਾਈਆਂ ਰੱਬਾ ਮੇਰਿਆ

ਅੱਗਾ ਜਦੋਂ ਰੂਪ ਨੇ ਮਚਾਈਆਂ ਰੱਬਾ ਮੇਰਿਆ
ਇਸ਼ਕੇ ਨੇ ਦਿੱਤੀਆਂ ਦੁਹਾਈਆਂ ਰੱਬਾ ਮੇਰਿਆ

# ਫੇਰ ਕੀ ਤੂੰ ਰੱਬ ਹੋ ਗਈਓਂ

ਸਾਡੇ ਪ੍ਰੇਮ ਦੀ ਕੁੱਲੀ ਨੂੰ ਅੱਗ ਲਾ ਕੇ
ਫੇਰ ਕੀ ਤੂੰ ਰੱਬ ਹੋ ਗਈਓਂ
ਮਹਿਲਾਂ ਵਾਲਿਆਂ ਦੀ ਸੇਜ ਹੰਢਾ ਕੇ
ਫੇਰ ਕੀ ਤੂੰ ਰੱਬ ਹੋ ਗਈਓਂ

ਸਾਡਾ ਲੈ ਗਈਓਂ ਚੁਰਾ ਕੇ ਹੀਰੇ ਹੱਸਣਾ
ਸਾਨੂੰ ਗ਼ਮਾਂ ਦੇ ਗੁਆਂਢ ਪਿਆ ਵੱਸਣਾ
ਤੂੰ ਕੀ ਜਾਣੇ ਤੂੰ ਜਦੋਂ ਤੋਂ ਅੱਖਾਂ ਫੇਰੀਆਂ
ਸਾਡੀ ਜਿੰਦ ਤੇ ਕੀ ਝੁਲੀਆਂ ਹਨੇਰੀਆਂ
ਅੱਖਾਂ ਵੈਰਨੇ ਰਕੀਬਾਂ ਸੰਗ ਲਾ ਕੇ
ਫੇਰ ਕੀ ਤੂੰ ਰੱਬ ਹੋ ਗਈਓਂ

ਸਾਡੀ ਰੂਹ ਲੈ ਗਈਓਂ ਡੋਲੀ 'ਚ ਬਿਠਾਲ ਕੇ
ਸਾਡੇ ਚਾਵਾਂ ਨੂੰ ਸਿਵੇ ਦੇ ਵਿਚ ਬਾਲ ਕੇ
ਤੈਨੂੰ ਤਾਂ ਹੋ ਗਈਆਂ ਛਾਵਾਂ ਨੇ ਪਿਆਰੀਆਂ
ਤੂੰ ਕੀ ਜਾਣੇ ਕਿੰਜ ਧੁੱਪਾਂ ਮੈਂ ਗੁਜ਼ਾਰੀਆਂ
ਸਾਨੂੰ ਹਿਜਰਾਂ ਦੀ ਭੱਠੀ ਵਿਚ ਡ੍ਹਾਅ ਕੇ
ਫੇਰ ਕੀ ਤੂੰ ਰੱਬ ਹੋ ਗਈਓਂ

ਤੈਨੂੰ ਚਾਂਦੀ ਦੇ ਖੜਾਕਾਂ ਘੇਰਾ ਪਾ ਲਿਆ
ਨੀਂ ਅਸੀਂ ਤੱਤੀਆਂ ਰੁੱਤਾਂ ਨੂੰ ਗਲ ਲਾ ਲਿਆ
ਤਾਂਬੇ ਰੰਗੀਏ ਤੂੰ ਇਹ ਕੀ ਲੋਹੜਾ ਮਾਰਿਆ
ਸਾਡੀ ਅਉਧ ਤੇ ਤਵੇ ਦਾ ਰੰਗ ਚਾੜ੍ਹਿਆ





ਸਾਨੂੰ ਦੇਸੋਂ "ਪਰਦੇਸੀ" ਨੀ ਬਣਾ ਕੇ
ਫੇਰ ਕੀ ਤੂੰ ਰੱਬ ਹੋ ਗਈਓਂ
ਸਾਡੇ ਪ੍ਰੇਮ ਦੀ ਕੁੱਲੀ ਨੂੰ ਅੱਗ ਲਾ ਕੇ
ਫੇਰ ਕੀ ਤੂੰ ਰੱਬ ਹੋ ਗਈਓਂ

ਮਹਿਲਾਂ ਵਾਲਿਆਂ ਦੀ ਸੇਜ ਹੰਢਾ ਕੇ
ਫੇਰ ਕੀ ਤੂੰ ਰੱਬ ਹੋ ਗਈਓਂ

# ਹੋ ਗਿਆ ਖ਼ੂਨ ਸਫ਼ੈਦ

ਕੌਣ ਭਰੋਸਾ ਰੱਖੇ, ਇਹਨਾਂ ਸੱਜੀਆਂ ਬਾਹਵਾਂ ਤੇ
ਹੋ ਗਿਆ ਖ਼ੂਨ ਸਫ਼ੈਦ ਕੀ ਲੋਕੋ ਮਾਣ ਭਰਾਵਾਂ ਤੇ

ਪਹਿਲਾਂ ਵੱਡਾ ਭਾਈ ਹੁੰਦਾ ਬਾਪ ਬਰਾਬਰ ਸੀ
ਹੁਣ ਛੋਟਾ ਵੱਡੇ ਦੀ ਇੱਜ਼ਤ ਨੂੰ ਹੱਥ ਪਾਉਂਦਾ ਹੈ
ਅੱਜ ਕਲ ਉਹਨਾਂ ਰੁੱਖਾਂ ਤੋਂ ਅੰਗਿਆਰੇ ਵਰ੍ਹਦੇ ਨੇ
ਮਾਣ ਸੀ ਜਿਹੜੇ ਰੁੱਖਾਂ ਦੀਆਂ ਠੰਡੀਆਂ ਛਾਵਾਂ ਤੇ
ਹੋ ਗਿਆ ਖ਼ੂਨ ਸਫ਼ੈਦ ਕੀ ਲੋਕੋ ਮਾਣ ਭਰਾਵਾਂ ਤੇ

ਪਹਿਲਾਂ ਭਾਈਆਂ ਬਦਲੇ ਭਾਈ ਜਾਨ ਗੁਆਉਂਦੇ ਸੀ
ਗਿਠ ਮਿੱਟੀ ਖਾਤਰ ਹੁਣ ਵਢਦੈ, ਭਾਈ, ਭਾਈ ਨੂੰ
ਵੰਡਾ ਨੇ ਕੁਝ ਐਸਾ ਅੱਜ ਕਲ ਕਹਿਰ ਕਮਾਇਆ ਹੈ
ਖ਼ੂਨੀ ਰਿਸ਼ਤੇ ਟੁੱਟਦੇ ਵੇਖੇ ਮੱਝਾਂ ਗਾਵਾਂ ਤੇ
ਹੋ ਗਿਆ ਖ਼ੂਨ ਸਫ਼ੈਦ ਕੀ ਲੋਕੋ ਮਾਣ ਭਰਾਵਾਂ ਤੇ

ਅੱਜ ਕਲ ਧਰਤੀ ਦੀ ਤੇ ਧਨ ਦੀ ਗੱਲ ਹੀ ਦੂਰ ਰਹੀ
ਮਾਂ ਤੇ ਪਿਉ ਵੀ ਭਾਈਆਂ ਦੇ ਵਿਚ ਵੰਡੇ ਜਾਂਦੇ ਨੇ
ਕਿਸ-ਕਿਸ ਨੇ ਕਿੰਨੇ ਦਿਨ ਰੋਟੀ ਦੇਣੀ ਇਹਨਾਂ ਨੂੰ
ਮਰਨੇ ਤੇ ਕਿਸ ਪੈਸੇ ਲਾਉਣੇ ਕਿਸ-ਕਿਸ ਥਾਵਾਂ ਤੇ
ਕੌਣ ਭਰੋਸਾ ਰੱਖੇ ਇਹਨਾਂ ਸੱਜੀਆਂ ਬਾਹਵਾਂ ਤੇ





ਭਾਈਆਂ ਵਾਲਿਓ, ਭਾਈਆਂ ਦਾ ਵੇ ਗ਼ਰੂਰ ਨਹੀਂ ਕਰੀਓ
"ਪਰਦੇਸੀ" ਅੱਜ-ਕਲ ਭਾਈ ਮਤਲਬ ਦੇ ਭਾਈ ਨੇ
ਬੇ-ਗ਼ੈਰਤ ਕੀ ਸਮਝਣ ਰਿਸ਼ਤਾ ਕੀ ਹੈ ਭਾਈ ਦਾ
ਭਾਈਆਂ ਬਾਝੋਂ ਬੇ-ਗ਼ੈਰਤ ਜਾ ਮਰਨ ਕੁਥਾਵਾਂ ਤੇ
ਕੌਣ ਭਰੋਸਾ ਰੱਖੇ ਇਹਨਾਂ ਸੱਜੀਆਂ ਬਾਹਵਾਂ ਤੇ
ਹੋ ਗਿਆ ਖ਼ੂਨ ਸਫ਼ੈਦ ਕੀ ਲੋਕੋ ਮਾਣ ਭਰਾਵਾਂ ਤੇ

# ਪੀੜ ਪਰੌਣੀ ਆਈ

ਮਾਏ ਨੀ
ਇਕ ਪੀੜ ਪਰੌਣੀ ਆਈ
ਆਈ ਨੀ
ਇਕ ਪੀੜ ਪਰੌਣੀ ਆਈ

ਮਾਏ ਇਹ ਨਾ ਪੀੜ ਬਿਗਾਨੀ
ਆਈ ਇਸ ਤੇ ਕਹਿਰ ਜਵਾਨੀ
ਨਾ ਧਰਤੀ ਤੇ ਨਾ ਅਸਮਾਨੀ
ਮੇਰੇ ਦਿਲ ਵਿਚ ਆਣ ਸਮਾਈ
ਮਾਏ ਨੀ
ਇਕ ਪੀੜ ਪਰੌਣੀ ਆਈ

ਇਹ ਬਿਰਹਾ ਦੇ ਗੀਤ ਜਗਾਵੇ
ਮੈਨੂੰ ਸਾਰੀ ਰਾਤ ਜਗਾਵੇ
ਮਾਏ ਇਸ ਚੋਂ ਛੁੱਟਣ ਲਾਵੇ
ਇਹ ਤਾਂ ਜਾਪੇ ਹਿਜਰ ਸਤਾਈ
ਮਾਏ ਨੀ
ਇਕ ਪੀੜ ਪਰੌਣੀ ਆਈ





ਖ਼ੂਨ ਇਹ ਪੀਂਦੀ ਮਾਸ ਇਹ ਖਾਂਦੀ
ਪੁੱਛ ਨਾ ਕੀ ਕੀ ਨਾਚ ਨਚਾਂਦੀ
ਨਿੱਤ ਨਵੇਂ ਹੀ ਰੰਗ ਦਿਖਾਂਦੀ
ਫਿਰਦੀ ਕੋਈ ਭੇਤ ਲੁਕਾਈ
ਮਾਏ ਨੀ
ਇਕ ਪੀੜ ਪਰੌਣੀ ਆਈ

ਇਹ ਝੋਰਾ ਹੱਡਾਂ ਨੂੰ ਖਾਏ
"ਪਰਦੇਸੀ" ਦੇ ਵਾਂਗੂੰ ਮਾਏ
ਇਹ ਵੀ ਛੱਡ ਕੇ ਨਾ ਤੁਰ ਜਾਏ
ਇਹ ਵੀ ਨਿਕਲੇ ਨਾ ਹਰਜਾਈ
ਮਾਏ ਨੀ
ਇਕ ਪੀੜ ਪਰੌਣੀ ਆਈ

ਆਈ ਨੀ
ਇਕ ਪੀੜ ਪਰੌਣੀ ਆਈ

## ਕਾਹਨੂੰ ਲਾਈਆਂ

ਲੁਕ ਲੁਕ ਲਾਈਆਂ, ਫੁੱਟ ਫੁੱਟ ਰੋਈਆਂ
ਰੋ-ਰੋ ਹੋਈਆਂ ਰੱਤੀਆਂ ਵੇ ਅਸੀਂ
ਕਾਹਨੂੰ ਲਾਈਆਂ ਅੱਖੀਆਂ ਵੇ ਅਸੀਂ
ਕਾਹਨੂੰ ਲਾਈਆਂ, ਅੱਖੀਆਂ, ਵੇ ਅਸੀਂ.......

ਨਕਲੀ ਸਾਗਰ, ਲਹਿਰਾਂ ਨਕਲੀ
ਨਕਲੀ ਰਸਤੇ, ਠਹਿਰਾਂ ਨਕਲੀ
ਨਕਲੀ ਮੌਤਾਂ, ਜ਼ਹਿਰਾਂ ਨਕਲੀ
ਜਾਣ ਨਾ ਸਾਥੋਂ, ਚੱਟੀਆਂ ਵੇ ਅਸੀਂ
ਕਾਹਨੂੰ ਲਾਈਆਂ ਅੱਖੀਆਂ ਵੇ ਅਸੀਂ......

ਸੂਲੀ ਲਟਕਣ ਪਲ ਅਧਮੋਏ
ਦਾਗ਼ ਰੁੱਤਾਂ ਦੇ ਕਿਹੜਾ ਧੋਏ
ਕਤਲ ਅਸਾਡੇ ਹਾਸੇ ਹੋਏ
ਮੂਲ ਨਾ ਖੁੱਲ੍ਹ ਕੇ ਹੱਸੀਆਂ, ਵੇ ਅਸੀਂ
ਕਾਹਨੂੰ ਲਾਈਆਂ, ਅੱਖੀਆਂ ਵੇ ਅਸੀਂ.......

ਤੇਰਾ ਗ਼ਮ ਤੇਰਾ ਹੀ ਝੋਰਾ
ਫ਼ਿਕਰ ਨਹੀਂ ਹੈ ਅਪਣਾ ਭੋਰਾ





ਰੰਗ ਬਦਲ ਗਿਉਂ ਤੂੰ ਕਿਉਂ ਮੋਰਾ
ਤੇਰੇ ਨਾਲ ਮੈਂ ਨੱਚੀਆਂ ਵੇ ਅਸੀਂ
ਕਾਹਨੂੰ ਲਾਈਆਂ ਅੱਖੀਆਂ ਵੇ ਅਸੀਂ.......

ਨੈਣਾਂ ਚੋਂ ਹੁੰਦੀਆਂ ਬਰਸਾਤਾਂ
ਲੁਕ ਗਈਆਂ ਕਿੱਧਰ ਪਰਭਾਤਾਂ
ਨਾਗਾਂ ਵਾਂਗੂੰ ਸ਼ੂਕਣ ਰਾਤਾਂ
ਜਾਣ ਨਾ ਕੱਲਿਆਂ, ਕੱਟੀਆਂ, ਵੇ ਅਸੀਂ
ਕਾਹਨੂੰ ਲਾਈਆਂ ਅੱਖੀਆਂ ਵੇ ਅਸੀਂ.......

ਚੰਦ ਫਿਰੇ ਕਿਉਂ ਦਾਗ਼ ਲਕੋਈ
ਰਾਤ ਨਿਮਾਣੀ ਛਮ ਛਮ ਰੋਈ
"ਪਰਦੇਸੀ" ਦੀ ਸਾਰ ਨਾ ਕੋਈ
ਸਾਰਾ "ਮੋਗਾ" ਕੱਛੀਆਂ ਵੇ ਅਸੀਂ
ਕਾਹਨੂੰ ਲਾਈਆਂ ਅੱਖੀਆਂ ਵੇ ਅਸੀਂ.......

ਲੁਕ ਲੁਕ ਲਾਈਆਂ, ਫੁੱਟ ਫੁੱਟ ਰੋਈਆਂ
ਰੋ-ਰੋ ਹੋਈਆਂ ਰੱਤੀਆਂ ਵੇ ਅਸੀਂ
ਕਾਹਨੂੰ ਲਾਈਆਂ ਅੱਖੀਆਂ ਵੇ ਅਸੀਂ
ਕਾਹਨੂੰ ਲਾਈਆਂ, ਅੱਖੀਆਂ, ਵੇ ਅਸੀਂ.......

# ਜਿੰਦੇ ਮੇਰੀਏ

ਬਹਿ ਜਾ ਮੇਰੇ ਕੋਲ ਨੀ ਜਿੰਦੇ ਮੇਰੀਏ
ਦਿਲ ਦੇ ਦੁਖੜੇ ਫੋਲ ਨੀ ਜਿੰਦੇ ਮੇਰੀਏ

ਇਹ ਦੁਨੀਆਂ ਖ਼ੁਦਗਰਜ਼ਾਂ ਦੀ ਜ਼ਰਦਾਰਾਂ ਦੀ
ਏਥੇ ਕਿਸ ਨੂੰ ਸਾਰ ਪਵਿੱਤਰ ਪਿਆਰਾਂ ਦੀ
ਕਿਸ ਕੋਲੇ ਹੈ ਵਿਹਲ ਮੁਹੱਬਤ ਕਰਨੇ ਦੀ
ਏਥੇ ਲੱਗੀ ਦੌੜ ਸਕੂਟਰ ਕਾਰਾਂ ਦੀ
ਤੂੰ ਡਾਢੀ ਅਣਭੋਲ, ਨੀ ਜਿੰਦੇ ਮੇਰੀਏ
ਬਹਿ ਜਾ ਮੇਰੇ ਕੋਲ, ਨੀ ਜਿੰਦੇ ਮੇਰੀਏ

ਇਸ ਗੁਲਸ਼ਨ ਤੇ ਚੌਧਰ ਹੈ ਸ਼ੈਤਾਨਾਂ ਦੀ
ਹੋਲੀ ਪਉਂਦੇ ਕਲੀਆਂ ਦੇ ਅਰਮਾਨਾਂ ਦੀ
ਫੁੱਲ ਤਿਤਲੀਆਂ ਦੀਆਂ ਚਿਤਾਵਾਂ ਆਖਦੀਆਂ
ਬਾਗ਼ਾਂ ਵਿਚ ਹੈ ਮਰਿਯਾਦਾ, ਸ਼ਮਸ਼ਾਨਾਂ ਦੀ
ਰੱਤੇ ਹੰਝ ਨਾ ਡੋਲ੍ਹ, ਨੀ ਜਿੰਦੇ ਮੇਰੀਏ
ਦਿਲ ਦੇ ਦੁਖੜੇ ਫੋਲ, ਨੀ ਜਿੰਦੇ ਮੇਰੀਏ





ਇਸ਼ਕ ਕਦੋਂ ਹੁਣ ਫਿਰਦੈ ਹਾਲ ਫ਼ਕੀਰਾਂ ਦੇ
ਕਿੱਸੇ ਬਦਲ ਗਏ ਨੇ ਰਾਂਝੇ ਹੀਰਾਂ ਦੇ
ਇਕ ਥਉਂ ਟੁੱਟੀ, ਦੂਜੇ ਥਾਂ ਤੇ ਲੱਗ ਗਈ
ਅਜ ਕਲ ਦੀ ਹੈ ਸਾਂਝ ਸਬੰਧ ਸਰੀਰਾਂ ਦੇ
ਕੌਣ ਹੈ, ਕਿਸ ਦਾ ਢੋਲ, ਨੀ ਜਿੰਦੇ ਮੇਰੀਏ
ਬਹਿ ਜਾ ਮੇਰੇ ਕੋਲ, ਨੀ ਜਿੰਦੇ ਮੇਰੀਏ

ਤੂੰ ਵੀ ਕੀ 'ਰਾਜਿੰਦਰ' ਮੀਤ ਬਣਾਇਆ ਨੀ
ਮੁੜ ਕੇ ਨਾ 'ਪਰਦੇਸੀ' ਵਤਨੀਂ ਆਇਆ ਨੀ
ਫੇਰ ਕਦੀ ਨਾ ਬਹੁੜਨ ਡਾਕੂ ਰੰਗਾਂ ਦੇ
ਜਦ ਮੁਕ ਜਾਵੇ ਜੋਬਨ ਦਾ ਸਰਮਾਇਆ ਨੀ
ਹੁਣ ਕੀ ਤੇਰੇ ਕੋਲ, ਨੀ ਜਿੰਦੇ ਮੇਰੀਏ
ਦਿਲ ਦੇ ਦੁਖੜੇ ਫ਼ੋਲ, ਨੀ ਜਿੰਦੇ ਮੇਰੀਏ

ਬਹਿ ਜਾ ਮੇਰੇ ਕੋਲ ਨੀ ਜਿੰਦੇ ਮੇਰੀਏ
ਦਿਲ ਦੇ ਦੁਖੜੇ ਫੋਲ ਨੀ ਜਿੰਦੇ ਮੇਰੀਏ


## ਗਾਏਂਗਾ ਤੂੰ

ਨੇਰ੍ਹਿਆਂ ਵਿਚ ਜਦ ਵੀ ਘਿਰ ਜਾਏਂਗਾ ਤੂੰ
ਚਾਨਣੀ ਦਾ ਗੀਤ ਫਿਰ ਗਾਏਂਗਾ ਤੂੰ

ਮਾਘ ਦੀ ਸੁੰਨਸਾਨ ਦੁਧੀਆ ਰਾਤ ਨੂੰ
ਆਡ ਤੇ ਬਹਿ ਕੇ ਸੁਣਾਈ ਬਾਤ ਨੂੰ
ਦੋਸਤਾਂ ਦੀ ਦੁਸ਼ਮਣੀ ਤੋਂ ਬੇ-ਖ਼ਬਰ
ਗੱਲੀਂ ਲੱਗਿਆਂ ਚੜ੍ਹ ਗਈ ਪ੍ਰਭਾਤ ਨੂੰ
ਯਾਦ ਕਰ ਕਰ ਭੁੱਲਣਾ ਚਾਹੇਂਗਾ ਤੂੰ
ਨੇਰ੍ਹਿਆਂ ਵਿਚ ਜਦ ਵੀ ਘਿਰ ਜਾਏਂਗਾ ਤੂੰ

ਕਾਸ਼ਨੀ ਦੇ ਫੁੱਲ ਚੇਤੇ ਆਉਣਗੇ
ਖੇਤ ਸਰ੍ਹਵਾਂ ਦੇ ਨਿਗਾਹੀਂ ਛਾਉਣਗੇ
ਆਗ਼ ਜਦ ਭੰਨੇਂਗਾ ਸਾਡੇ ਦਿਲ ਦੇ ਵਾਂਗ
ਫੇਰ ਨਾ ਤਿੱਤਰ ਕਮਾਦੀਂ ਗਾਉਣਗੇ
ਰੋਏਂਗਾ, ਡੁਸਕੇਂਗਾ ਪਛਤਾਏਂਗਾ ਤੂੰ
ਨੇਰ੍ਹਿਆਂ ਵਿਚ ਜਦ ਵੀ ਘਿਰ ਜਾਏਂਗਾ ਤੂੰ





ਮੌਤ ਯਾਦਾਂ ਨੂੰ ਕਦੇ ਨਾ ਆਏਗੀ
ਹਾਸਿਆਂ ਦੀ ਪਰ ਮਕਾਣ ਆ ਜਾਏਗੀ
ਧੁੱਪ ਨੂੰ ਰੱਖਿਆ ਸੀ ਜਾਮਨ ਪਿਆਰ ਦਾ
ਜ਼ਿੰਦਗੀ ਪਰਛਾਵਾਂ ਬਣ ਢਲ ਜਾਏਗੀ
ਫਿਰ ਨਾ 'ਪਰਦੇਸੀ' ਘਰੀਂ ਆਏਂਗਾ ਤੂੰ
ਨੇਰ੍ਹਿਆਂ ਵਿਚ ਜਦ ਵੀ ਘਿਰ ਜਾਏਂਗਾ ਤੂੰ
ਚਾਨਣੀ ਦਾ ਗੀਤ ਫਿਰ ਗਾਏਂਗਾ ਤੂੰ

# ਗਾਏਂਗੀ ਤੂੰ

ਨੇਰ੍ਹਿਆਂ ਵਿਚ ਜਦ ਵੀ ਘਿਰ ਜਾਏਂਗੀ ਤੂੰ
ਚਾਨਣੀ ਦਾ ਗੀਤ ਫਿਰ ਗਾਏਂਗੀ ਤੂੰ

ਇਹ ਤੇਰੇ ਨਗ਼ਮੇ ਚੁਰਾਏ ਜਾਣਗੇ
ਹਾਸਿਆਂ ਨੂੰ ਖੰਭ ਲਾਏ ਜਾਣਗੇ
ਚੇਤ ਦੀ ਇਸ ਧੁੱਪ ਜਹੀ ਮੁਸਕਾਨ ਨੂੰ
ਵੇਖ ਲਈਂ ਹੰਝੂ ਪਿਲਾਏ ਜਾਣਗੇ
ਫਿਰ ਨਾ ਗੋਰੀ ਰਾਤ ਅਖਵਾਏਂਗੀ ਤੂੰ
ਨੇਰ੍ਹਿਆਂ ਵਿਚ ਜਦ ਵੀ ਘਿਰ ਜਾਏਂਗੀ ਤੂੰ

ਪਹੁ ਫੁਟਾਲੇ ਜਦ ਵੀ ਪੰਛੀ ਗਾਉਣਗੇ
ਤੇਲ ਦੇ ਤੁਬਕੇ ਵੀ ਲਾਂਬੂ ਲਾਉਣਗੇ
ਸਿਰ ਤੋਂ ਉੱਡਦੇ ਪੰਛੀਆਂ ਦੇ ਝੁੰਡ ਵੀ
ਤੇਰੀ ਖਾਮੋਸ਼ੀ ਨੂੰ ਚੋਗਾ ਪਾਉਣਗੇ
ਵੰਝਲੀ ਦੀ ਹੂਕ ਬਣ ਜਾਏਂਗੀ ਤੂੰ
ਨੇਰ੍ਹਿਆਂ ਵਿਚ ਜਦ ਵੀ ਘਿਰ ਜਾਏਂਗੀ ਤੂੰ





ਹੋਰ ਇਕ ਸਦਮਾ ਹੀ ਗਲ਼ ਨੂੰ ਲਾਏਂਗੀ
ਆਡ ਦੇ ਪਾਣੀ 'ਚ ਕਿੰਜ ਡੁੱਬ ਜਾਏਂਗੀ
ਰੋਜ਼ "ਪਰਦੇਸੀ" ਦੇ ਵਾਂਗੂੰ ਮਰਨ ਦਾ
ਤੂੰ ਵੀ ਫਿਰ ਇਕ ਸਿਲਸਿਲਾ ਬਣ ਜਾਏਂਗੀ
ਹਾਸਿਆਂ ਦੀ ਲਾਸ਼ ਅਖਵਾਏਂਗੀ ਤੂੰ
ਨੇਰ੍ਹਿਆਂ ਵਿਚ ਜਦ ਘਿਰ ਜਾਏਂਗੀ ਤੂੰ
ਚਾਨਣੀ ਦਾ ਗੀਤ ਫਿਰ ਗਾਏਂਗੀ ਤੂੰ

## ਝੂਠੀਆਂ ਤਸੱਲੀਆਂ

ਕਦੀ ਅੱਜ ਕਦੀ ਕੱਲ੍ਹ, ਕਦੀ ਪਰਸੋਂ ਤੇ ਚੌਥ
ਭੋਗ ਭੋਗ ਹਾਰੇ ਸੰਦਲੀ ਮਹੀਨਿਆਂ ਦੀ ਮੌਤ
ਹੁਣ ਹੋਰ ਨਾ ਜੁਦਾਈਆਂ ਜਾਣ ਝੱਲੀਆਂ
ਛੱਡ, ਛੱਡ ਛੱਡ ਵੀ ਦੇ ਝੂਠੀਆਂ ਤਸੱਲੀਆਂ

ਕੋਈ ਲੰਘ ਜਾਵੇ ਕੋਲੋਂ ਤੇਰੇ ਵਾਂਗੂੰ ਹੱਸ ਹੱਸ
ਤੈਨੂੰ ਦੱਸੀਏ ਕੀ ਦੱਸ, ਬੱਸ, ਬੱਸ ਬੱਸ ਬੱਸ
ਵੇ ਮਸਾਂ ਨਬਜ਼ਾਂ ਖਲੋ ਖਲੋ ਕੇ ਚੱਲੀਆਂ
ਛੱਡ, ਛੱਡ ਛੱਡ ਵੀ ਦੇ ਝੂਠੀਆਂ ਤਸੱਲੀਆਂ

ਲੰਘ ਹੋਲੀਆਂ ਵੀ ਗਈਆਂ ਸਾਰੇ ਮੁੱਕ ਗਏ ਰੰਗ
ਵੇ ਮੈਂ ਸਾਂਭ-ਸਾਂਭ ਰੱਖੇ ਤੇਰੇ ਵਾਅਦੇ ਬਦਰੰਗ
ਵੇ ਚੰਨਾ ਰੰਗਾਂ ਨੇ ਉਮੰਗਾਂ ਸੂਲੀ ਟੰਗੀਆਂ
ਵੇ ਛੱਡ ਦੇਣੀਆਂ ਤੂੰ ਝੂਠੀਆਂ ਤਸੱਲੀਆਂ





ਸਾਨੂੰ ਰੰਗਾਂ ਦੀ ਉਡੀਕ ਸਾਨੂੰ ਫੁੱਲਾਂ ਦੀ ਉਡੀਕ
ਜਿਵੇਂ ਬਾਗਾਂ ਨੂੰ ਹੈ ਹੁੰਦੀ ਬੁਲਬੁੱਲਾਂ ਦੀ ਉਡੀਕ
ਵੇ ਹੁਣ ਸਾਡੀਆਂ ਉਡੀਕਾਂ ਹੋਈਆਂ ਝੱਲੀਆਂ
ਛੱਡ, ਛੱਡ ਛੱਡ ਵੀ ਦੇ ਝੂਠੀਆਂ ਤਸੱਲੀਆਂ

ਅਸੀਂ ਨੀਂਦ ਦਾ ਹਾਂ ਜਸ਼ਨ ਮਨੌਂਦੇ ਹੱਡ ਬਾਲ
ਕਦੀ ਤੱਕ 'ਪਰਦੇਸੀ' ਆ ਕੇ ਸੁਪਨੇ 'ਚ ਹਾਲ
ਵੇ ਅਸੀਂ ਕਿੰਨੀਆਂ ਸ਼ਿਕਾਇਤਾਂ ਲਿਖ ਘੱਲੀਆਂ
ਛੱਡ, ਛੱਡ ਛੱਡ ਵੀ ਦੇ ਝੂਠੀਆਂ ਤਸੱਲੀਆਂ

ਕਦੀ ਅੱਜ ਕਦੀ ਕੱਲ੍ਹ, ਕਦੀ ਪਰਸੋਂ ਤੇ ਚੌਥ
ਭੋਗ ਭੋਗ ਹਾਰੇ ਸੰਦਲੀ ਮਹੀਨਿਆਂ ਦੀ ਮੌਤ
ਹੁਣ ਹੋਰ ਨਾ ਜੁਦਾਈਆਂ ਜਾਣ ਝੱਲੀਆਂ
ਛੱਡ, ਛੱਡ ਛੱਡ ਵੀ ਦੇ ਝੂਠੀਆਂ ਤਸੱਲੀਆਂ

# ਪਊਗੀ ਨਿਭਾਉਣੀ ਹੀਰੇ

ਅੱਜ ਬੰਨ ਦਿੱਤਾ ਤੈਨੂੰ ਚੌਹਾਂ ਗੇੜਿਆਂ ਦੇ ਨਾਲ
ਹੁਣ ਪਊਗੀ ਨਿਭਾਉਣੀ ਹੀਰੇ ਖੇੜਿਆਂ ਦੇ ਨਾਲ
ਚਾਹੀਦੀ ਵੀ ਹੈ ਨਿਭਾਉਣੀ ਤੈਨੂੰ ਖੇੜਿਆਂ ਦੇ ਨਾਲ

ਝੂਠੇ ਚੱਪੂਆਂ ਨੇ ਨਹੀਓਂ ਸਾਨੂੰ ਪਾਰ ਕਰਨਾ
ਫੇਰ ਮਿਲਣੇ ਦਾ ਨਹੀਓਂ ਇਕਰਾਰ ਕਰਨਾ
ਕਾਹਨੂੰ ਗਲ ਲੱਗ ਰੋਈਏ ਟੁੱਟੇ ਬੇੜਿਆਂ ਦੇ ਨਾਲ
ਹੁਣ ਪਊਗੀ ਨਿਭਾਉਣੀ ਹੀਰੇ ਖੇੜਿਆਂ ਦੇ ਨਾਲ
ਚਾਹੀਦੀ ਵੀ ਹੈ ਨਿਭਾਉਣੀ ਤੈਨੂੰ ਖੇੜਿਆਂ ਦੇ ਨਾਲ

ਹੀਰੇ ਝੰਗ ਦਾ ਸਿਆਲਾਂ ਦਾ ਵੀ ਕੋਈ ਦੀਨ ਨਾ
ਕੋਈ ਤਖ਼ਤ ਹਜ਼ਾਰੇ ਉੱਤੇ ਵੀ ਯਕੀਨ ਨਾ
ਦੋਸ਼ ਕੈਦੋ ਦਾ ਵੀ ਕੀ ਹੈ ਇਹਨਾਂ ਝੇੜਿਆਂ ਦੇ ਨਾਲ
ਹੁਣ ਪਊਗੀ ਨਿਭਾਉਣੀ ਹੀਰੇ ਖੇੜਿਆਂ ਦੇ ਨਾਲ
ਚਾਹੀਦੀ ਵੀ ਹੈ ਨਿਭਾਉਣੀ ਤੈਨੂੰ ਖੇੜਿਆਂ ਦੇ ਨਾਲ



ਇਹਦੇ ਵਿਚ ਖੇੜਿਆਂ ਦਾ ਰਤਾ ਭਰ ਨਾ ਕਸੂਰ
ਤੇਰੇ ਮਾਪਿਆਂ ਨੇ ਕੀਤਾ ਹੀਰੇ ਸਾਨੂੰ ਦੂਰ-ਦੂਰ
ਚਲ ਰਿੜ ਪਈਏ ਹਿਜਰਾਂ ਦੇ ਗੇੜਿਆਂ ਦੇ ਨਾਲ
ਹੁਣ ਪਊਗੀ ਨਿਭਾਉਣੀ ਹੀਰੇ ਖੇੜਿਆਂ ਦੇ ਨਾਲ
ਚੰਗਾ ਹੈ ਤੂੰ ਨਿਭਾਵੇਂ ਹੀਰੇ ਖੇੜਿਆਂ ਦੇ ਨਾਲ

ਭਲਾ ਦੋਹਾਂ ਦਾ ਹੈ ਇਕ ਦੂਸਰੇ ਨੂੰ ਭੁੱਲ ਜਾਈਏ
ਆਪੋ ਅਪਣੇ ਘਰਾਂ 'ਚ ਬਹਿ ਕੇ ਫ਼ਰਜ਼ ਨਿਭਾਈਏ
ਢੋਈਏ "ਪਰਦੇਸੀ ਉਮਰਾਂ ਕਿਉਂ ਮਿਹਣਿਆਂ ਦੇ ਨਾਲ
ਹੀਰੇ ਪਊਗੀ ਨਿਭਾਉਣੀ ਤੈਨੂੰ ਖੇੜਿਆਂ ਦੇ ਨਾਲ
ਚਾਹੀਦੀ ਵੀ ਹੈ ਨਿਭਾਉਣੀ ਤੈਨੂੰ ਖੇੜਿਆਂ ਦੇ ਨਾਲ

ਅੱਜ ਬੰਨ ਦਿੱਤਾ ਤੈਨੂੰ ਚੌਹਾਂ ਗੇੜਿਆਂ ਦੇ ਨਾਲ
ਹੁਣ ਪਊਗੀ ਨਿਭਾਉਣੀ ਹੀਰੇ ਖੇੜਿਆਂ ਦੇ ਨਾਲ
ਚਾਹੀਦੀ ਵੀ ਹੈ ਨਿਭਾਉਣੀ ਤੈਨੂੰ ਖੇੜਿਆਂ ਦੇ ਨਾਲ

# ਮੈਂ ਤੇਰੀ ਸਿੱਪੀ

ਮੈਂ ਤੇਰੀ ਸਿੱਪੀ ਤੇ ਤੂੰ ਮੇਰਾ ਘੋਗਾ
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ

ਤੂੰ ਮੇਰੀ ਸਿੱਪੀ ਤੇ ਮੈ ਤੇਰਾ ਘੋਗਾ
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ

ਤੌਬਾ ਤੌਬਾ ਅਬ ਕਿਆ ਹੋਗਾ
ਤੌਬਾ ਤੌਬਾ ਅਬ ਕਿਆ ਹੋਗਾ

ਗਈ ਸੀ ਮੈਂ ਗੰਗਾ ਨੀ ਚੜ੍ਹਾ ਲਈਆਂ ਵੰਗਾਂ
ਛਣ-ਛਣ ਕਰਦੀ ਜੇਠਾਣੀ ਕੋਲੋਂ ਲੰਘਾਂ
ਕਾਲਾ ਮੇਰਾ ਘੱਗਰਾ ਮੈਂ ਕਿਹੜੀ ਕਿੱਲੀ ਟੰਗਾਂ
ਏਸ ਕਿੱਲੀ ਟੰਗਾਂ ਕਦੀ ਓਸ ਕਿੱਲੀ ਟੰਗਾਂ

ਮੈਂ ਤੇਰੀ ਸਿੱਪੀ ਤੇ ਤੂੰ ਮੇਰਾ ਘੋਗਾ
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ



ਸੁਰਮਾ ਨਾ ਪਾ ਬਿੱਲੋ ਬੰਨ ਬੰਨ ਧਾਰੀਆਂ
ਤੇਰੀਆਂ ਨਨਾਣੇ ਅੱਖਾਂ ਪਹਿਲਾਂ ਟੂਣੇ ਹਾਰੀਆਂ
ਬੈਠ ਕੇ ਤੂੰ ਸੱਸੇ ਕਦੇ ਗੱਲਾਂ ਨਾ ਵਿਚਾਰੀਆਂ
ਤਿੱਤਰੀ ਇਹ ਤੇਰੀ ਮਾਰ ਜਾਊਗੀ ਉਡਾਰੀਆਂ

ਮੈਂ ਤੇਰੀ ਸਿੱਪੀ ਤੇ ਤੂੰ ਮੇਰਾ ਘੋਗਾ
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ

ਕਿੱਕਲੀ ਕੁਲੱਸ ਦੀ ਨੀ ਲੱਤ ਭੱਜੇ ਸੱਸ ਦੀ
ਘੜੀਆਂ ਘੜਾਈਆਂ ਗੱਲਾਂ ਮਾਹੀ ਨੂੰ ਜੋ ਦੱਸਦੀ
ਗੋਡਾ ਭੱਜੇ ਜੇਠ ਦਾ ਜੋ ਝੀਥਾਂ ਥਾਣੀਂ ਵੇਖਦਾ
ਬੈਠ ਕੇ ਰਜਾਈ ਵਿਚ ਰਹੇ ਗੋਡੇ ਸੇਕਦਾ

ਮੈਂ ਤੇਰੀ ਸਿੱਪੀ ਤੇ ਤੂੰ ਮੇਰਾ ਘੋਗਾ
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ

ਸੁਣ-ਸੁਣ ਲੱਛੀਏ ਨੀ ਇਸ਼ਕੇ ਦੀ ਪੱਟੀਏ
ਸਖੀਆਂ 'ਚ ਹੋਈਆਂ ਗੱਲਾਂ ਘਰੇ ਨਾ ਨੀ ਦੱਸੀਏ
ਉਂਜ ਭਾਵੇਂ ਮਿੱਤਰਾਂ ਦੇ ਦਿਲ ਵਿਚ ਵੱਸੀਏ
ਮਾਪਿਆਂ ਦੇ ਮੂਹਰੇ ਕਦੀ ਖੁੱਲ ਕੇ ਨਾ ਹੱਸੀਏ



ਮੈਂ ਤੇਰੀ ਸਿੱਪੀ ਤੇ ਤੂੰ ਮੇਰਾ ਘੋਗਾ
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ

ਨੱਚਦੀ ਸੀ ਵਲ ਖਾ-ਖਾ ਪਿੱਪਲੀ ਦੇ ਹੇਠ ਨੀ
ਟੁੱਟ ਪੈਣੇ ਆ ਗਏ ਉੱਥੇ ਸਹੁਰਾ ਨਾਲੇ ਜੇਠ ਨੀ
ਏਧਰ ਨੂੰ ਨੱਸਾਂ ਕਦੀ ਓਧਰ ਨੂੰ ਨੱਸਾਂ
ਦੁੱਖ "ਪਰਦੇਸੀ" ਤੈਨੂੰ ਕਿਹੜੇ-ਕਿਹੜੇ ਦੱਸਾਂ

ਮੈਂ ਤੇਰੀ ਸਿੱਪੀ ਤੇ ਤੂੰ ਮੇਰਾ ਘੋਗਾ
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ

ਤੂੰ ਮੇਰੀ ਸਿੱਪੀ ਤੇ ਮੈਂ ਤੇਰਾ ਘੋਗਾ
ਹੁਣ ਕੀ ਹੋਏਗਾ ਜੀ ਹੁਣ ਕੀ ਹੋਏਗਾ

ਤੌਬਾ ਤੌਬਾ ਅਬ ਕਿਆ ਹੋਗਾ
ਅਬ ਕਿਆ ਹੋਗਾ, ਅਬ ਕਿਆ ਹੋਗਾ



## ਗੀਤ ਮੇਰੀ ਪ੍ਰੀਤ

ਇਹ ਗੀਤ ਮੇਰੀ ਮੇਰੀ ਪ੍ਰੀਤ ਨੇ
ਇਹ ਗੀਤ ਮੇਰਾ ਪਿਆਰ ਨੇ
ਹਨ ਗੀਤ ਸਾਂਝੀ ਪੀੜ ਦੇ
ਇਹ ਗੀਤ ਹੀ ਗ਼ਮਖ਼ਾਰ ਨੇ

ਜੇ ਸੋਚੀਏ ਤਾਂ ਜ਼ਿੰਦਗੀ
ਹਰ ਆਦਮੀ ਦੀ ਗੀਤ ਹੈ
ਕੀ ਦਰਦ ਹੈ ਕੀ ਫ਼ਰਜ਼ ਹੈ
ਕੀ ਦੁਸ਼ਮਣੀ ਕੀ ਪ੍ਰੀਤ ਹੈ

ਹਨ ਰੰਗ ਕੀਤੇ ਵੱਖਰੇ
ਗੀਤਾਂ ਦੇ ਇਸ ਸੰਸਾਰ ਨੇ
ਇਹ ਗੀਤ ਸਾਂਝੀ ਪੀੜ ਦੇ
ਇਹ ਗੀਤ ਹੀ ਗ਼ਮਖ਼ਾਰ ਨੇ

ਰਾਧਾ ਨੇ ਹੌਕੇ ਭਰਦੀਆਂ
ਜੇਲ੍ਹਾਂ 'ਚ ਕੈਦੀ "ਸ਼ਾਮ" ਨੇ
ਹਨ ਰੂਪ ਬਦਲੇ ਜ਼ਾਲਿਮਾਂ
ਜ਼ੁਲਮਾਂ ਦੇ ਬਦਲੇ ਨਾਮ ਨੇ


ਇਨਸਾਫ਼ ਉਹ ਹਨ ਕਰ ਰਹੇ
ਜੋ ਕਾਤਿਲਾਂ ਦੇ ਯਾਰ ਨੇ
ਇਹ ਗੀਤ ਮੇਰੀ ਪ੍ਰੀਤ ਨੇ
ਇਹ ਗੀਤ ਮੇਰਾ ਪਿਆਰ ਨੇ

ਕੀ ਰਾਜ਼ ਦਿੱਤਾ ਖੋਲ੍ਹ ਹੈ
ਮੇਰੀ ਇਹ ਛਿੰਦੀ ਕਲਮ ਨੇ
ਮੇਰੇ ਤੇ ਤੇਰੇ ਸ਼ਹਿਰ ਦੇ
ਗਲੀਆਂ ਦੇ ਕਖ ਵੀ ਗਰਮ ਨੇ

ਦਾਰੂ ਕੀ ਸਾਡਾ ਕਰਨਗੇ
ਜੋ ਆਪ ਹੀ ਬੀਮਾਰ ਨੇ
ਹਨ ਗੀਤ ਸਾਂਝੀ ਪੀੜ ਦੇ
ਇਹ ਗੀਤ ਹੀ ਗ਼ਮਖ਼ਾਰ ਨੇ

ਇਹ ਗੀਤ ਮੇਰੇ ਸੱਚ ਦਾ
ਚੌਕਾਂ 'ਚ ਹੋਕਾ ਦੇਣਗੇ
ਮੈਂ ਵੇਖਣਾ ਹੈ ਸੂਰਮੇ
ਹੱਥ ਕੌਣ ਆ ਕੇ ਪਾਉਣਗੇ





ਇਹ ਗੀਤ ਹਨ ਫਰਿਆਦ ਤੇ
ਇਹ ਗੀਤ ਹੀ ਤਲਵਾਰ ਨੇ
ਇਹ ਗੀਤ ਮੇਰੀ ਪ੍ਰੀਤ ਨੇ
ਇਹ ਗੀਤ ਮੇਰਾ ਪਿਆਰ ਨੇ

ਇਹ ਗੀਤ ਮੇਰੀ ਪ੍ਰੀਤ ਨੇ
ਇਹ ਗੀਤ ਮੇਰਾ ਪਿਆਰ ਨੇ
ਹਨ ਗੀਤ ਸਾਂਝੀ ਪੀੜ ਦੇ
ਇਹ ਗੀਤ ਹੀ ਗ਼ਮਖ਼ਾਰ ਨੇ

## ਲੋਹੜੀ ਵਾਲੀ ਰਾਤ

ਲੋਹੜੀ ਵਾਲੀ ਰਾਤ ਲੋਕੀਂ ਲੋਹੜੀਆਂ ਨੇ ਸੇਕਦੇ
ਨੈਣ ਨਿਮਾਣੇ ਮੇਰੇ ਰਾਹ ਤੇਰਾ ਵੇਖਦੇ

ਭਰ ਭਰ ਮੁੱਠਾਂ ਲੋਕੀਂ ਵੰਡਣ ਰਿਓੜੀਆਂ
ਭਰ ਭਰ ਅੱਖਾਂ ਤੇਰੀ ਯਾਦ 'ਚ ਮੈਂ ਰੋੜੀਆਂ

ਬਿਰਹੋਂ ਦੀ ਅੱਗ ਸੀਨੇ ਬਾਲ-ਬਾਲ ਸੇਕਦੇ
ਨੈਣ ਨਿਮਾਣੇ ਮੇਰੇ ਰਾਹ ਤੇਰਾ ਵੇਖਦੇ

ਕਲੀਆਂ ਤੋਂ ਕੋਮਲ ਇਹ ਨੈਣ ਕੁਮਲਾਏ ਵੇ
ਦੱਸ ਕੋਈ ਫੁੱਲ ਕਿੱਦਾਂ ਮਹਿਕ ਲੁਕਾਏ ਵੇ

ਪਲਕਾਂ ਚ ਹੰਝੂਆਂ ਦੇ ਮੋਤੀ ਨੇ ਸਮੇਟਦੇ
ਨੈਣ ਨਿਮਾਣੇ ਮੇਰੇ ਰਾਹ ਤੇਰਾ ਵੇਖਦੇ

ਹੋਇਆ ਕੀ ਕਸੂਰ ਜੋ ਤੂੰ ਦਿੱਤੀਆਂ ਸਜ਼ਾਵਾਂ ਵੇ
ਦੱਸ ਕੀਹਨੂੰ ਵੈਰੀਆ ਮੈਂ ਦੁਖੜੇ ਸੁਣਾਵਾਂ ਵੇ





ਰੀਝਾਂ ਦੇ ਮੁਨਾਰੇ ਢਹਿ ਗਏ ਮਹਿਲ ਜਿਵੇਂ ਰੇਤ ਦੇ
ਨੈਣ ਨਿਮਾਣੇ ਮੇਰੇ ਰਾਹ ਤੇਰਾ ਵੇਖਦੇ

ਜਾ ਕੇ ਪਰਦੇਸੀਂ, 'ਪਰਦੇਸੀ' ਗਇਓਂ ਭੁੱਲ ਵੇ
ਵੇਖੀਂ ਕਿਤੇ ਟਹਿਣਿਓਂ ਨਾ ਟੁੱਟ ਜਾਵੇ ਫੁੱਲ ਵੇ

ਮਹਿਕਾਂ ਦੇ ਲੁਟੇਰੇ ਰਹਿੰਦੇ ਘੂਰ ਘੂਰ ਵੇਖਦੇ
ਲੋਹੜੀ ਵਾਲੀ ਰਾਤ ਲੋਕੀਂ ਲੋਹੜੀਆਂ ਨੇ ਸੇਕਦੇ
ਲੋਹੜੀ ਵਾਲੀ ਰਾਤ ਚੰਨਾ

## ਮਾਏ ਨੀ

ਮਾਏ ਨੀਂ, ਕਿੱਧਰ ਨੂੰ ਜਾਵਾਂ
ਹਾਏ ਮੈਂ ਕਿੱਧਰ ਨੂੰ ਜਾਵਾਂ

ਖਾਣ ਲਈ ਆਵੇ ਨੀ ਮੈਨੂੰ
ਮਾਏ ਮੇਰਾ ਹੀ ਪਰਛਾਵਾਂ

ਗੀਟੇ ਵਿਸਰੇ ਕਿਕਲੀ ਵਿਸਰੀ
ਭੁੱਲੀ ਗੁੱਡੀਆਂ ਸੰਗ ਪਟੋਲੇ

ਅੰਬਰ ਦੇ ਵਿਚ ਉਡਣਾ ਲੋਚਣ
ਮਾਏ ਮੇਰੇ ਨੈਣ ਮਮੋਲੇ

ਭਾਂਬੜ ਜਾਪਣ ਪਿਪਲਾਂ ਦੀਆਂ
ਠੰਢੀਆਂ ਠੰਢੀਆਂ ਛਾਵਾਂ

ਮਾਏ ਨੀ ਕਿੱਧਰ ਨੂੰ ਜਾਵਾਂ
ਹਾਏ ਮੈਂ ਕਿੱਧਰ ਨੂੰ ਜਾਵਾਂ



ਝੁਰਦਾ ਵੇਖ ਸਰੂ ਜੇਹੀ ਧੀ
ਕੀਕਣ ਬਾਬਲ ਭਾਰ ਉਤਾਰੂ

ਜੰਮੀਂ ਦੇਸ਼ ਕਿਹੇ ਧੀ, ਮਾਏ
ਜਿਧਰੇ ਕਿਧਰੇ ਧੀਆਂ ਭਾਰੂ


ਸਭ ਧੀਆਂ ਦਾ ਭਾਰ ਨਾ ਲਹਿਣਾ
ਜੇਕਰ ਮੈਂ ਕੱਲੀ ਮਰ ਜਾਵਾਂ

ਮਾਏ ਨੀ, ਕਿੱਧਰ ਨੂੰ ਜਾਵਾਂ
ਹਾਏ ਮੈਂ ਕਿੱਧਰ ਨੂੰ ਜਾਵਾਂ

ਘੋਰ ਹਨੇਰੇ ਦੇ ਵਿਚ ਰੋਵੇ
ਮਾਏ ਮੇਰਾ ਰੂਪ ਕੁਆਰਾ

ਆਖਣ ਸ਼ਗਨ ਨਹੀਂ ਹੈ ਚੰਗਾ
ਅੰਬਰ ਚੋਂ ਜਦ ਟੁੱਟੇ ਤਾਰਾ

ਤਾਰਾ ਟੁੱਟ ਕੇ ਚਾਨਣ ਕਰਦੈ
ਫਿਰ ਵੀ ਕਿਉਂ ਨਾ ਦਿਸਦੀਆਂ ਰਾਵ੍ਹਾਂ



ਮਾਏ ਨੀ ਕਿੱਧਰ ਨੂੰ ਜਾਵਾਂ
ਹਾਏ ਮੈਂ ਕਿੱਧਰ ਨੂੰ ਜਾਵਾਂ

ਏਦੂੰ ਤਾਂ ਪੰਛੀ ਚੰਗੇ ਨੇ
ਜਿਨ੍ਹਾਂ ਨੂੰ ਇਹ ਫ਼ਿਕਰ ਨਹੀਂ ਹੈ

ਧੀ, ਧਿਆਣੀ ਦਾ "ਪਰਦੇਸੀ"
ਜਿੰਨ੍ਹਾਂ ਦੇ ਵਿਚ ਜ਼ਿਕਰ ਨਹੀਂ ਹੈ

ਤੂੰ ਵੀ ਮਾਏ ਧੀ ਕਿਸੇ ਦੀ
ਦੋਸ਼ ਕਿਵੇਂ ਤੇਰੇ ਤੇ ਲਾਵਾਂ

ਮਾਏ ਨੀ ਕਿੱਧਰ ਨੂੰ ਜਾਵਾਂ
ਹਾਏ ਮੈਂ ਕਿੱਧਰ ਨੂੰ ਜਾਵਾਂ



## ਤੂੰ ਕੀ ਜਾਣੇ

ਚੰਗਾ ਹੋਇਆ ਸੋਹਣੀ ਹੋ ਗਈ
ਜੋ ਤੂੰ ਸੱਜਣਾ ਕੀਤੀ ਵੇ

ਤੂੰ ਕੀ ਜਾਣੇ ਜਿੰਦ ਮੇਰੀ ਤੇ
ਕੀ ਬੇ-ਦਰਦਾ ਬੀਤੀ ਵੇ

ਬੇ-ਪਰਵਾਹਾ ਜਦ ਤੋਂ ਮੁਖੜਾ
ਤੂੰ ਸਾਡੇ ਤੋਂ ਮੋੜ ਲਿਆ

ਮੈਂ ਉਸ ਦਿਨ ਤੋਂ ਨਾਤਾ
ਤੇਰੀਆਂ ਯਾਦਾਂ ਦੇ ਸੰਗ ਜੋੜ ਲਿਆ

ਮਹਿਕਾਂ ਲੁੱਟ ਕੇ ਤੁਰਦੇ ਹੋਣਾ
ਭੰਵਰਾਂ ਦੀ ਹੈ ਰੀਤੀ ਵੇ

ਤੂੰ ਕੀ ਜਾਣੇ ਜਿੰਦ ਮੇਰੀ ਤੇ
ਕੀ ਬੇ-ਦਰਦਾ ਬੀਤੀ ਵੇ

ਸੁੰਨੀਆਂ ਸੁੰਨੀਆਂ ਲੱਗਣ ਵੀਹਾਂ
ਸੁੰਨਾਂ ਚਾਰ ਚੁਫੇਰਾ ਵੇ

ਲੋਕੀਂ ਰਹਿਣ ਆਵਾਜ਼ਾਂ ਕਸਦੇ
ਲੈ ਲੈ ਕੇ "ਨਾਂ" ਤੇਰਾ ਵੇ

ਹਿਜਰ ਤੇਰੇ ਨੇ ਘੁੱਟ ਘੁੱਟ ਕਰਕੇ
ਤਤੜੀ ਦੀ ਰੱਤ ਪੀਤੀ ਵੇ

ਚੰਗਾ ਹੋਇਆ ਸੋਹਣੀ ਹੋ ਗਈ
ਜੋ ਤੂੰ ਸੱਜਣਾ ਕੀਤੀ ਵੇ

ਕੱਲ੍ਹ ਛੋੜ ਕੇ ਬੈਠ ਗਈ ਸੀ
ਗੱਲ ਪ੍ਰੀਤੋਂ ਤੇਰੀ ਵੇ

ਅੱਖਾਂ 'ਚੋਂ ਹੜ੍ਹ ਦਿਲ ਤੇ ਗ਼ਮ ਦੀ
ਝੁੱਲੀ ਆਣ ਹਨੇਰੀ ਵੇ

ਗ਼ਮ ਦਾ ਦੀਵਾ ਬਾਲ ਬਾਲ ਮੈਂ
ਲੱਭਾਂ ਜ਼ਿੰਦਗੀ ਬੀਤੀ ਵੇ





ਚੰਗਾ ਹੋਇਆ ਸੋਹਣੀ ਹੋ ਗਈ
ਜੋ ਤੂੰ ਸੱਜਣਾ ਕੀਤੀ ਵੇ

ਹੱਸ ਕੇ ਸਜ਼ਾ ਕਬੂਲਾਂਗੀ
ਪਰ ਦੋਸ਼ ਤਾਂ ਦਸ ਜਾ ਮੇਰਾ ਵੇ

ਹੀਰੇ-ਹੀਰੇ ਕਰਨ ਵਾਲਿਆ
ਪੱਥਰ ਕਰ ਲਿਆ ਜੇਰਾ ਵੇ

"ਪਰਦੇਸੀ" ਜੀਵਨ ਦੀ ਕੌੜੀ
ਜ਼ਹਿਰ ਨਾ ਜਾਂਦੀ ਪੀਤੀ ਵੇ

ਚੰਗਾ ਹੋਇਆ ਸੋਹਣੀ ਹੋ ਗਈ
ਜੋ ਤੂੰ ਸੱਜਣਾ ਕੀਤੀ ਵੇ

ਤੂੰ ਕੀ ਜਾਣੇ ਜਿੰਦ ਮੇਰੀ ਤੇ
ਕੀ ਬੇਦਰਦਾ ਬੀਤੀ ਵੇ

# ਰਤਾ ਠਹਿਰ ਵੀ ਜਾਹ

ਰਤਾ ਠਹਿਰ ਵੀ ਜਾ ਠਹਿਰ, ਐਨੀ ਤੱਤੀਏ ਹਵਾਏ
ਤੂੰ ਨ੍ਹੀਂ ਜਾਣਦੀ ਮੈਂ ਏਥੇ ਕਿੰਨੇ ਹਾਦਸੇ ਹੰਢਾਏ

ਏਥੇ ਮੇਰੀ ਖੁਸ਼ਬੋਈ ਹੋਈ ਅਗਨੀ ਹਵਾਲੇ
ਅਜੇ ਤੀਕ ਵੀ ਨੇ ਜੀਂਦੇ ਮੇਰੇ ਸਾਹਾਂ ਵਿਚ ਛਾਲੇ
ਇਹਨਾ ਸੜਕਾਂ ਹੀ ਸਨ ਮੇਰੇ ਹਾਸੇ ਹਥਿਆਏ
ਤੂੰ ਨ੍ਹੀਂ ਜਾਣਦੀ ਮੈਂ ਏਥੇ ਕਿੰਨੇ ਹਾਦਸੇ ਹੰਢਾਏ

ਏਥੇ ਸੂਰਜਾਂ ਦੇ ਹਾਣ ਹੋਏ ਸਾਗਰਾਂ ਹਵਾਲੇ
ਇਹਨਾਂ ਚੌਰਾਹਿਆਂ 'ਚੋਂ ਮੇਰੇ ਗੀਤ ਗਏ ਉਧਾਲੇ
ਮੇਰੀ ਜ਼ਿੰਦਗੀ ਦੇ ਰੰਗ ਇਹਨਾਂ ਧੁੱਪਾਂ ਨੇ ਚੁਰਾਏ
ਤੂੰ ਨਹੀਂ ਜਾਣਦੀ ਮੈਂ ਏਥੇ ਕਿੰਨੇ ਹਾਦਸੇ ਹੰਢਾਏ

ਏਥੇ ਗੁੰਮੀ ਸੀ ਸਫੈਦਿਆਂ ਦੇ ਹਾਣ ਜਿੱਡੀ ਚੀਕ
ਓਦੋਂ ਝੁੱਲੀ ਜੋ ਹਨੇਰੀ ਮੈਨੂੰ ਯਾਦ ਹੁਣ ਤੀਕ
ਏਥੋਂ ਫੀਤਾ ਫੀਤਾ ਕਰ ਮੇਰੇ ਸੁਪਨੇ ਉਡਾਏ
ਰਤਾ ਠਹਿਰ ਵੀ ਜਾ ਠਹਿਰ ਐਨੀ ਤੱਤੀਏ ਹਵਾਏ





ਜਦੋਂ ਥੋਰਾਂ ਤੇ ਧਰਾਏ ਮੇਰੇ ਨੰਗੇ-ਨੰਗੇ ਪੈਰ
ਕਿੰਨਾ ਉੱਚੀ ਉੱਚੀ ਖਿੜ ਖਿੜ ਹੱਸਿਆ ਇਹ ਸ਼ਹਿਰ
ਜਦੋਂ ਮੋਇਆ 'ਪਰਦੇਸੀ' ਇਹਨਾਂ ਜਸ਼ਨ ਮਨਾਏ
ਤੂੰ ਨਹੀਂ ਜਾਣਦੀ ਮੈਂ ਏਥੇ ਕਿੰਨੇ ਹਾਦਸੇ ਹੰਢਾਏ
ਰਤਾ ਠਹਿਰ ਵੀ ਜਾ ਠਹਿਰ, ਐਨੀ ਤੱਤੀਏ ਹਵਾਏ
ਤੂੰ ਨ੍ਹੀਂ ਜਾਣਦੀ ਮੈਂ ਏਥੇ ਕਿੰਨੇ ਹਾਦਸੇ ਹੰਢਾਏ

# ਗਿਣ ਗਿਣ ਕੇ ਦਿਹਾੜੇ

ਗਿਣ ਗਿਣ ਕੇ ਦਿਹਾੜੇ ਕਿੰਨੇ ਸਾਲ ਤੁਰ ਚੱਲੇ
ਭਾਲ ਭਾਲ ਕੇ ਜਵਾਬਾਂ ਨੂੰ ਸਵਾਲ ਤੁਰ ਚੱਲੇ

ਕਿੱਥੇ ਰਾਂਗਲੀਆਂ ਪੀਂਘਾ ਦੇ ਹੁਲਾਰਿਆਂ ਦੀ ਰੁੱਤ
ਕਿੱਥੇ ਚਾਨਣੀਆਂ ਰਾਤਾਂ ਚ ਹੁੰਗਾਰਿਆਂ ਦੀ ਰੁੱਤ
ਹਉਕਾ ਹਉਕਾ ਹੋ ਕੇ ਹਾਸਿਆਂ ਦੇ ਨਾਲ ਤੁਰ ਚੱਲੇ
ਭਾਲ ਭਾਲ ਕੇ ਜਵਾਬਾਂ ਨੂੰ ਸਵਾਲ ਤੁਰ ਚੱਲੇ

ਕਦੋਂ ਦਿਲੋਂ ਕੱਢ ਦੇਣੈ ਕੌਣ ਦੱਸਦੈ ਕਿਸੇ ਨੂੰ
ਕੋਈ ਕਿੰਨਾ ਕੁ ਕਿਰਾਏਦਾਰ ਰੱਖਦੈ ਕਿਸੇ ਨੂੰ
ਢੋਹ ਢੋਹ ਜਿੰਦ ਦਾ ਸਾਮਾਨ ਬੁਰੇ ਹਾਲ ਤੁਰ ਚੱਲੇ
ਗਿਣ ਗਿਣ ਕੇ ਦਿਹਾੜੇ ਕਿੰਨੇ ਸਾਲ ਤੁਰ ਚੱਲੇ

ਤੇਰੇ ਹਾਸਿਆਂ ਖਿੜਾਏ ਜਦੋਂ ਬਾਗ਼ ਵਿਚ ਫੁੱਲ
ਸਾਡੇ ਨੈਣਾਂ ਦੀ ਬਗ਼ੀਚੀ ਵਿਚ ਮਹਿਕ ਗਈ ਘੁੱਲ
ਅਸੀਂ ਹੰਝੂਆਂ ਥੀਂ ਧੋ ਧੋ ਕੇ ਰੁਮਾਲ ਤੁਰ ਚੱਲੇ
ਵੇਖ ਹਉਕਾ ਹਉਕਾ ਹੋ ਕੇ ਕੀਹਦੇ ਨਾਲ ਤੁਰ ਚੱਲੇ
ਸਾਡੇ ਹਉਕੇ ਤੇਰੇ ਹਾਸਿਆਂ ਦੇ ਨਾਲ ਤੁਰ ਚੱਲੇ





ਤੂੰ ਏਂ ਕਿਸ ਦਾ ਤੇ ਕੌਣ ਤੇਰਾ ਯਾਰ "ਪਰਦੇਸੀ"
ਬਣ ਗਈਆਂ ਨੇ ਮੁਹੱਬਤਾਂ ਵਪਾਰ ਪਰਦੇਸੀ
ਅਸੀਂ ਪੀੜਾਂ ਨਾਲ ਹੋ ਕੇ ਮਾਲੋ ਮਾਲ ਤੁਰ ਚੱਲੇ
ਸਾਡੇ ਹਉਕੇ ਤੇਰੇ ਹਾਸਿਆਂ ਦੇ ਨਾਲ ਤੁਰ ਚੱਲੇ

ਗਿਣ ਗਿਣ ਕੇ ਦਿਹਾੜੇ ਕਿੰਨੇ ਸਾਲ ਤੁਰ ਚੱਲੇ
ਭਾਲ ਭਾਲ ਕੇ ਜਵਾਬਾਂ ਨੂੰ ਸਵਾਲ ਤੁਰ ਚੱਲੇ

# ਮੇਰਾ ਗੀਤ ਰੋ ਪਵੇਗਾ

ਐਨਾ ਹਸਾ ਨਾ ਮੈਨੂੰ
ਮੇਰਾ ਗੀਤ ਰੋ ਪਵੇਗਾ
ਹਟ ਜਾਹ ਸਤਾ ਨਾ ਮੈਨੂੰ
ਮੇਰਾ ਗੀਤ ਰੋ ਪਵੇਗਾ

ਮੇਰਾ ਗੀਤ ਰੋ ਪਵੇਗਾ
ਕਰ ਕਰ ਕੇ ਯਾਦ ਹਾਸੇ
ਕਰ ਕਰ ਕੇ ਯਾਦ ਹਾਸੇ
ਕਰ ਯਾਦ ਉਹ ਦਿਲਾਸੇ

ਯਾਦਾਂ ਚ ਫਾਹ ਨਾ ਮੈਨੂੰ
ਮੇਰਾ ਗੀਤ ਰੋ ਪਵੇਗਾ
ਐਨਾ ਹਸਾ ਲਾ ਮੈਨੂੰ
ਮੇਰਾ ਗੀਤ ਰੋ ਪਵੇਗਾ

ਤੀਰਾਂ ਦਾ ਜਗਤ ਅਪਣਾ
ਜ਼ਖਮਾਂ ਦੀ ਅਪਣੀ ਦੁਨੀਆਂ
ਜ਼ਖਮਾਂ ਦੇ ਸਿਦਕ ਅਪਣੇ
ਜ਼ੁਲਮਾਂ ਦੀ ਅਪਣੀ ਦੁਨੀਆਂ

ਚੱਲ ਹਟ ਡਰਾ ਨਾ ਮੈਨੂੰ
ਮੇਰਾ ਗੀਤ ਰੋ ਪਵੇਗਾ
ਬਸ ਕਰ ਬੁਲਾ ਨਾ ਮੈਨੂੰ
ਮੇਰਾ ਗੀਤ ਰੋ ਪਵੇਗਾ

ਮੇਰੇ ਮਨ ਗਮਲੇ ਵਿੱਚੋਂ
ਇਕ ਗੀਤ ਉੱਗਿਆ ਸੀ





ਮਹਿਕਾਂ ਦਾ ਬਣ ਫੁਹਾਰਾ
ਸ਼ਬਨਮ ਚੋਂ ਫੁੱਟਿਆ ਸੀ

ਚੇਤੇ ਕਰਾ ਨਾ ਮੈਨੂੰ
ਮੇਰਾ ਗੀਤ ਰੋ ਪਵੇਗਾ
ਤਿਲ ਤਿਲ ਜਲਾ ਨਾ ਮੈਨੂੰ
ਮੇਰਾ ਗੀਤ ਰੋ ਪਵੇਗਾ

ਬਚਪਨ ਦੇ ਗੀਤ ਭਾਵੇਂ
ਉੱਗਦੇ ਗਏ ਸੀ ਖੁੱਗੇ
"ਪਰਦੇਸੀ" ਸਾਜ਼ ਜਿੰਦ ਦੇ
ਫਿਰ ਵੀ ਨੇ ਆਉਂਦੇ ਪੁੱਗੇ

ਛੱਡ ਗੁਣਗੁਣਾ ਨਾ ਮੈਨੂੰ
ਮੇਰਾ ਗੀਤ ਰੋ ਪਵੇਗਾ
ਹਟ ਜਾਹ ਸਤਾ ਨਾ ਮੈਨੂੰ
ਮੇਰਾ ਗੀਤ ਰੋ ਪਵੇਗਾ

ਐਨਾ ਹਸਾ ਨਾ ਮੈਨੂੰ
ਮੇਰਾ ਗੀਤ ਰੋ ਪਵੇਗਾ

# ਦੀਦਾਰ ਮੰਗਿਆ

ਕਰ ਕਰ ਕੇ ਦੁਆਵਾਂ ਬਾਰ ਬਾਰ ਮੰਗਿਆ
ਅਸੀਂ ਰੱਬ ਕੋਲੋਂ ਤੇਰਾ ਹੀ ਦੀਦਾਰ ਮੰਗਿਆ
ਨੀ ਅਸੀਂ ਮੌਲਾ ਕੋਲੋਂ ਤੇਰਾ ਹੀ ਦੀਦਾਰ ਮੰਗਿਆ

ਜਦੋਂ ਝਾਂਜਰਾਂ ਦੇ ਬੋਰ ਛਣਕਾਟਾ ਜੇਹਾ ਪਾਉਂਦੇ
ਸਾਡੇ ਦਿਲ ਦੇ ਬਨੇਰਿਆਂ ਤੇ ਮੋਰ ਪੈਲਾਂ ਪਾਉਂਦੇ
ਹੋਰ ਤੇਰੇ ਕੋਲੋਂ ਕਿਹੜਾ 'ਰਾਣੀ ਹਾਰ' ਮੰਗਿਆ
ਅਸੀਂ ਤੇਰੇ ਕੋਲੋਂ ਤੇਰਾ ਹੀ ਦੀਦਾਰ ਮੰਗਿਆ

ਨਾ ਇਹ ਲਗਦੀਆਂ ਲਾਈਆਂ ਨਾ ਇਹ ਟੁਟਦੀਆਂ ਤੋੜੇ
ਕੌਣ ਦਿਲਾਂ ਤਾਈਂ ਹੋੜੇ ਕੌਣ ਅੱਖੀਆਂ ਨੂੰ ਮੋੜੇ
ਇਹਨਾਂ ਜੋਗੀਆਂ ਕਦੋਂ ਹੈ ਘਰ-ਬਾਰ ਮੰਗਿਆ
ਬੱਸ, ਰੱਬ ਕੋਲੋਂ ਤੇਰਾ ਹੀ ਦੀਦਾਰ ਮੰਗਿਆ

ਲੱਗ ਗਈਆਂ ਨੇ ਪ੍ਰੀਤਾਂ ਵੇਖੀਂ ਪੈਂਦੀਆਂ ਧਮਾਲਾਂ
ਹੁਣ ਜੁਗਨੂੰ ਪ੍ਰੀਤਾਂ ਦੇ ਜਗਾਉਣਗੇ ਮਸ਼ਾਲਾਂ
ਤਾਹੀਓਂ ਪ੍ਰੀਤ ਦਾ ਦੀਵਾਨਾ ਦਿਲਦਾਰ ਮੰਗਿਆ
ਅਸੀਂ ਮੌਲਾ ਕੋਲੋਂ ਤੇਰਾ ਹੀ ਦੀਦਾਰ ਮੰਗਿਆ





ਜਦੋਂ ਸਾਗਰਾਂ ਦੇ ਦਿਲਾਂ ਵਿੱਚੋਂ ਉਠਦੀਆਂ ਛੱਲਾਂ
ਲੋਕੀਂ ਕਰਦੇ ਹੀ ਹੁੰਦੇ ਨੇ ਤੂਫਾਨਾਂ ਦੀਆਂ ਗੱਲਾਂ
ਅਸੀਂ ਤਾਹੀਓਂ 'ਪਰਦੇਸੀ' ਇਕਰਾਰ ਮੰਗਿਆ
ਬੱਸ ਰੱਬ ਕੋਲੋਂ ਤੇਰਾ ਹੀ ਦੀਦਾਰ ਮੰਗਿਆ

ਕਰ ਕਰ ਕੇ ਦੁਆਵਾਂ ਬਾਰ ਬਾਰ ਮੰਗਿਆ
ਅਸੀਂ ਰੱਬ ਕੋਲੋਂ ਤੇਰਾ ਹੀ ਦੀਦਾਰ ਮੰਗਿਆ
ਨੀ ਅਸੀਂ ਮੌਲਾ ਕੋਲੋਂ ਤੇਰਾ ਹੀ ਦੀਦਾਰ ਮੰਗਿਆ

# ਤੇਰੇ ਨਿੱਤ ਦਿਆਂ ਲਾਰਿਆਂ

ਤੇਰੇ ਨਿੱਤ ਦਿਆਂ ਲਾਰਿਆਂ ਨੇ ਹੱਦ ਕਰ ਦਿੱਤੀ
ਕਿਵੇਂ ਦਈਏ ਨਾ ਉਲ੍ਹਾਮੇਂ ਹੱਦੋਂ ਵੱਧ ਕਰ ਦਿੱਤੀ

ਵਾਅਦੇ ਉੱਤੇ ਵਾਅਦਾ ਕਰ ਦਿੱਤੇ ਦਿਲ ਨੂੰ ਦਿਲਾਸੇ
ਰੋਣ ਦਿੱਤੀਆਂ ਨਾ ਅੱਖਾਂ ਝੂਠੇ ਹੱਸ ਹੱਸ ਹਾਸੇ
ਹੁਣ ਝੂਠੇ ਹਾਸਿਆਂ ਵੀ ਸਰਹੱਦ ਕਰ ਦਿੱਤੀ
ਕਿਵੇਂ ਦਈਏ ਨਾ ਉਲ੍ਹਾਮੇਂ ਹੱਦੋਂ ਵੱਧ ਕਰ ਦਿੱਤੀ

ਪਹਿਲਾਂ ਲੱਖਾਂ ਦਾ ਸੀ ਹੁਣ ਜੀ' ਕਰੋੜਾਂ ਦਾ ਖਿਆਲ
ਇਹ ਕਰੋੜਾਂ ਦਾ ਹੈ ਮਿੱਟੀ ਮਿੱਟੀ ਹੋਈ ਜਾਂਦਾ ਮਾਲ
ਕਹੀ ਯੋਜਨਾ ਚ ਯੋਜਨਾ ਇਹ ਬੱਧ ਕਰ ਦਿੱਤੀ
ਤੇਰੇ ਨਿੱਤ ਦਿਆਂ ਲਾਰਿਆਂ ਨੇ ਹੱਦ ਕਰ ਦਿੱਤੀ

ਸਾਨੂੰ ਆਪਣਾ ਨਹੀਂ ਹੈ ਤੇਰਾ-ਤੇਰਾ ਵੀ ਹੈ ਦੁੱਖ
ਮੌਤ ਸਾਂਝਾਂ ਦੀ ਬਣੇ ਨਾ ਤੇਰੀ ਡਾਲਰਾਂ ਦੀ ਭੁੱਖ
ਅਸੀਂ ਮੰਗਾਂ ਦੀ ਉਮੰਗ ਵੀ ਹੈ ਰੱਦ ਕਰ ਦਿੱਤੀ
ਤੇਰੇ ਨਿੱਤ ਦਿਆਂ ਲਾਰਿਆਂ ਨੇ ਹੱਦ ਕਰ ਦਿੱਤੀ





ਪੈਂਦੇ ਕੰਨਾਂ ਚ ਖਿਆਲੀਂ ਤੇਰੇ ਬੋਲ 'ਪਰਦੇਸੀ'
ਫੇਰ ਜਾਪਦੇ ਜਿਉਂ ਬੈਠੌਂ ਸਾਡੇ ਕੋਲ ਪਰਦੇਸੀ
ਜਿੰਦ ਪਲ ਕੁ ਖਿਆਲਾਂ ਗੱਦ ਗੱਦ ਕਰ ਦਿੱਤੀ
ਤੇਰੇ ਨਿੱਤ ਦਿਆਂ ਲਾਰਿਆਂ ਨੇ ਹੱਦ ਕਰ ਦਿੱਤੀ

ਤੇਰੇ ਨਿੱਤ ਦਿਆਂ ਲਾਰਿਆਂ ਨੇ ਹੱਦ ਕਰ ਦਿੱਤੀ
ਕਿਵੇਂ ਦਈਏ ਨਾ ਉਲ੍ਹਾਮੇਂ ਹੱਦੋਂ ਵੱਧ ਕਰ ਦਿੱਤੀ

## ਸਾਡਾ ਦਿਲ ਨੀ ਤੂੰ

ਨਿੱਤ ਚੋਕੇ ਛਿੱਕੇ ਲਾਏ
ਖ਼ਿੱਦੋ ਵਾਂਗ ਭੁੜਕਾਏ

ਅਸੀਂ ਕੀ ਹਾਂ ਤੂੰ ਨਾ ਸਾਨੂੰ ਮੇਰੀ ਜਾਨ ਜਾਣਿਆਂ
ਸਾਡਾ ਦਿਲ ਨੀ ਤੂੰ ਖੇਡ ਦਾ ਮੈਦਾਨ ਜਾਣਿਆਂ

ਅਸੀਂ ਪਾਲੇ ਤੇ ਖਲੋ ਕੇ ਲੈਂਦੇ ਪਏ ਸਾਂ ਨਜ਼ਾਰੇ
ਕੌਡੀ ਕੌਡੀ ਕਹਿ ਕੇ ਪੈ ਗਏ ਤੇਰੇ ਨੈਣ ਮੁਟਿਆਰੇ
ਬਿੱਲੋ ਲੋਢੇ ਵੇਲੇ ਤੀਕ
ਟੱਪ ਸਕੇ ਨਾ ਉਹ ਲੀਕ
ਅਸੀ ਫੇਰ ਵੀ ਇਹ ਤੇਰਾ ਅਹਿਸਾਨ ਜਾਣਿਆਂ
ਸਾਡਾ ਦਿਲ ਨੀ ਤੂੰ ਖੇਡ ਦਾ ਮੈਦਾਨ ਜਾਣਿਆਂ

ਕਿੱਥੇ ਕੱਲਿਆਂ ਦਾ ਦਿਲ ਕਿੱਥੇ ਢਾਣੀਆਂ ਦੀ ਖੇਡ
ਮੱਲੋਮੱਲੀ ਜਿੱਤ ਜਾਣਾ ਜਰਵਾਣਿਆਂ ਦੀ ਖੇਡ
ਕ੍ਹੀਨੇ ਕਦੋਂ ਲੁੱਟ ਲੈਣਾ
ਕ੍ਹੀਨੇ ਕਦੋਂ ਲੁੱਟ ਹੋਣਾ
ਇਹ ਨਾ ਅਜੇ ਤੀਕ ਕਿਸੇ ਸੁਲਤਾਨ ਜਾਣਿਆਂ
ਸਾਡਾ ਦਿਲ ਹੀ ਤੂੰ ਖੇਡ ਦਾ ਮੈਦਾਨ ਜਾਣਿਆਂ





ਪਾ ਕੇ ਰੌਲਾ ਰੱਪਾ ਕਰੀ ਗਈ ਤੂੰ ਗੋਲ ਉੱਤੇ ਗੋਲ
ਮਿੱਟੀ ਘੱਟੇ ਰੋਲੇ ਰੈਫਰੀ ਦੀ ਸੀਟੀਆਂ ਦੇ ਬੋਲ
ਅਸੀਂ ਜਿੱਤ ਜਿੱਤ ਹਾਰੇ
ਤੇ ਤੂੰ ਹਾਰ ਹਾਰ ਜਿੱਤੀ
ਅਸੀਂ ਏਸ ਨੂੰ ਵੀ ਸਾਡਾ ਸਨਮਾਨ ਜਾਣਿਆਂ
ਸਾਡਾ ਦਿਲ ਵੀ ਤੂੰ ਖੇਡ ਦਾ ਮੈਦਾਨ ਜਾਣਿਆਂ

ਜਦੋਂ ਅੱਖੀਆਂ ਦਾ ਹਾਸਾ ਮਾਰੇ ਬੁੱਲੀਆਂ ਤੇ ਕਿੱਕ
ਕਿਹੜਾ ਦਿਲਾਂ ਦਾ ਖਿਡਾਰੀ "ਪਰਦੇਸੀ" ਜਾਊ ਟਿੱਕ
ਇਸ ਖੇਡ ਦੇ ਖਿਡਾਰੀ
ਜਾਣ ਬੁਝ ਜਾਣ ਹਾਰੀ
ਇਹਨਾਂ ਜਿੱਤਾਂ ਹਾਰਾਂ ਨੂੰ ਹੀ ਅਹਿਸਾਨ ਜਾਣਿਆਂ
ਸਾਡਾ ਦਿਲ ਵੀ ਤੂੰ ਖੇਡ ਦਾ ਮੈਦਾਨ ਜਾਣਿਆਂ

ਨਿੱਤ ਚੌਕੇ ਛਿੱਕੇ ਲਾਏ
ਖ਼ਿੱਦੋ ਵਾਂਗ ਭੁੜਕਾਏ

ਅਸੀ ਕੀ ਹਾਂ ਤੂੰ ਨਾ ਸਾਨੂੰ ਮੇਰੀ ਜਾਨ ਜਾਣਿਆਂ
ਸਾਡਾ ਦਿਲ ਨੀ ਤੂੰ ਖੇਡ ਦਾ ਮੈਦਾਨ ਜਾਣਿਆਂ

## ਸਵੱਬੀਂ ਹੋ ਗਏ ਮੇਲੇ


ਬਹਿ ਜਾ ਕੋਲ ਸੋਹਣੀਏਂ
ਸਵੱਬੀਂ ਹੋ ਗਏ ਮੇਲੇ
ਬੋਲ ਬੋਲ ਜਿੰਦੇ ਨੀ
ਸਵੱਬੀਂ ਹੋ ਗਏ ਮੇਲੇ

ਹੋਏ ਨੇ ਸਵੱਬੀਂ ਮੇਲੇ ਰੱਬ ਸਾਡਾ ਜਾਣਦਾ
ਮਿਲਿਆ ਨਾ ਵੈਦ ਸਾਨੂੰ ਦਰਦਾਂ ਦੇ ਹਾਣ ਦਾ
ਕਿੰਨਾ ਕੋਈ ਦੁਖਾਂ ਦੇ ਸਮੁੰਦਰਾਂ 'ਚ ਠੇਲ੍ਹੇ
ਬਹਿ ਜਾ ਕੋਲ ਜਿੰਦੇ ਨੀ
ਸਵੱਬੀਂ ਹੋ ਗਏ ਮੇਲੇ

ਧੂਫ ਧੁਖ਼ਵਾਈਏ ਅਤੇ ਮਿਨਤਾਂ ਗੁਜ਼ਾਰੀਏ
ਆ ਜਾ ਬਹਿ ਕੇ ਇਸ਼ਕੇ ਦੀ ਆਰਤੀ ਉਤਾਰੀਏ
ਚੱਲ ਬਣ ਜਾਈਏ ਕਿਸੇ ਗੋਰਖ ਦੇ ਚੇਲੇ
ਬੋਲ ਬੋਲ ਜਿੰਦੇ ਨੀ
ਸਵੱਬੀਂ ਹੋ ਗਏ ਮੇਲੇ

ਵੇਖਣ ਦੀ ਭੁੱਖ ਤੈਨੂੰ ਚਾਹੁਣ ਦੀ ਪਿਆਸ ਨੀ
ਇਹਨਾਂ ਚਾਹਤਾਂ ਨੇ ਰੱਖੇ ਚੱਲਦੇ ਸਵਾਸ ਨੀ





ਭਰਨ ਗਵਾਹੀਆ ਰੋ ਰੋ ਜੰਗਲ ਤੇ ਬੇਲੇ
ਬਹਿ ਜਾ ਕੋਲ ਹੀਰੀਏ
ਸਵੱਬੀਂ ਹੋ ਗਏ ਮੇਲੇ

ਤੇਰੇ ਨਾਲ ਹਾਸੇ ਅਤੇ ਤੇਰੇ ਬਾਝੋਂ ਚੁੱਪੀਆਂ
ਰਗਾਂ "ਪਰਦੇਸੀ" ਦੀਆਂ ਰਹਿਣ ਸਦਾ ਸੁੱਕੀਆਂ
ਟੁੱਟ ਜਾਣੀਆਂ ਨੇ ਤੰਦਾ ਵੇਲੇ ਜਾਂ ਕੁਵੇਲੇ
ਬਹਿ ਜਾ ਕੋਲ ਜਿੰਦੇ ਨੀ
ਸਵੱਬੀਂ ਹੋ ਗਏ ਮੇਲੇ

ਬਹਿ ਜਾ ਕੋਲ ਸੋਹਣੀਏਂ
ਸਵੱਬੀਂ ਹੋ ਗਏ ਮੇਲੇ
ਬੋਲ ਬੋਲ ਜਿੰਦੇ ਨੀ
ਸਵੱਬੀਂ ਹੋ ਗਏ ਮੇਲੇ

# ਮੋਈ ਮਹਿਕ ਦਾ ਗੀਤ

ਲੁਟ ਕੇ ਲੈ ਗਏ ਜ਼ਾਲਿਮ ਸਾਡਾ
ਗੁਲਸ਼ਨ ਮਸਤ ਬਹਾਰਾਂ ਵਿਚ
ਦਬ ਕੇ ਰਹਿ ਗਈ ਹੂਕ ਅਸਾਡੀ
ਚਾਂਦੀ ਦੀਆਂ ਛਣਕਾਰਾਂ ਵਿਚ

ਪੱਤਾ ਪੱਤਾ ਹਉਕੇ ਭਰਦਾ
ਟਾਹਣੀ ਟਾਹਣੀ ਰੋਈ ਨੀ
ਸਾਡੇ ਦਿਲ ਦੇ ਬਾਗ਼ੀਂ ਅੜੀਓ
ਮਹਿਕ ਅਸਾਡੀ ਮੋਈ ਨੀ

ਰੁੱਤਾਂ ਦੇ ਪੁੱਤ ਮਰ ਗਏ ਸਈਓ
ਮਹਿਕਦੀਆਂ ਗੁਲਜ਼ਾਰਾਂ ਵਿਚ
ਦਬ ਕੇ ਰਹਿ ਗਈ ਹੂਕ ਅਸਾਡੀ
ਚਾਂਦੀ ਦੀਆਂ ਛਣਕਾਰਾਂ ਵਿਚ

ਸਾਡੀ ਬਸਤੀ ਦੇ ਵਿਚ ਕੇਹਾ
ਜ਼ਾਲਿਮ ਸਾਵਣ ਆਇਆ ਨੀ
ਗਾਉਂਦਾ, ਗਾਉਂਦਾ, ਮਰਿਆ ਜਿਸ ਵਿਚ
ਇਕ ਪੰਛੀ ਤ੍ਰਿਹਾਇਆ ਨੀ





ਖੰਭ ਮੈਂ ਜਿਸ ਦੇ ਲਭਦੀ ਫਿਰਦੀ
ਲੁਟ ਹੋਈਆਂ ਗੁਲਜ਼ਾਰਾਂ ਵਿਚ
ਲੁਟ ਕੇ ਲੈ ਗਏ ਜ਼ਾਲਿਮ ਸਾਡਾ
ਗੁਲਸ਼ਨ ਮਸਤ ਬਹਾਰਾਂ ਵਿਚ

ਨਾਲ ਕਿਸੇ ਪਰਬਤ ਦੇ ਭੈੜੀ
ਇਹ ਜਾਪੇ ਟਕਰਾਈ ਨੀ
ਮੇਰੇ ਵਾਂਗੂੰ ਪੌਣ ਨਿਮਾਣੀ
ਜ਼ਖ਼ਮੀ ਹੋ ਕੇ ਆਈ ਨੀ

ਹੁਣ ਸਾਡੇ ਦਿਲ ਦਾ ਵਾਸਾ ਹੈ
ਤੀਰਾਂ ਤੇ ਤਲਵਾਰਾਂ ਵਿਚ
ਦਬ ਕੇ ਰਹਿ ਗਈ ਹੂਕ ਅਸਾਡੀ
ਚਾਂਦੀ ਦੀਆਂ ਛਣਕਾਰਾਂ ਵਿਚ

ਸਾਨੂੰ ਲੁਟ ਕੇ ਸਾਡੇ ਸਾਹਵੇਂ
ਮੌਜਾਂ ਕਰਨ ਲੁਟੇਰੇ ਨੀ
ਕਦ ਸਾਡੇ ਚਾਨਣ ਦੀ ਟੋਕੀ
ਘੇਰੂ ਆਣ ਹਨ੍ਹੇਰੇ ਨੀ

"ਪਰਦੇਸੀ" ਬੈਠੇਂਗਾ ਕਦ ਤਕ
ਲਾ ਕੇ ਦਿਲ ਨੂੰ ਖ਼ਾਰਾਂ ਵਿਚ
ਲੁਟ ਕੇ ਲੈ ਗਏ ਜ਼ਾਲਿਮ ਸਾਡਾ
ਗੁਲਸ਼ਨ ਮਸਤ ਬਹਾਰਾਂ ਵਿਚ

## ਦਸਤੂਰ

ਮੈਨੂੰ ਕਲਿਆਂ ਬੈਠ ਕੇ
ਹੰਝੂ ਵਹਾਈ ਜਾਣ ਦੇ

ਹੈ ਇਸ਼ਕ ਦਾ ਦਸਤੂਰ ਇਹ
ਇਹ ਵੀ ਨਿਭਾਈ ਜਾਣ ਦੇ

ਸ਼ੁਕਰੀਆ ਹੈ ਸ਼ੁਕਰੀਆ
ਉਸ ਬੇ-ਕਦਰ ਦਾ ਸ਼ੁਕਰੀਆ

ਜੋ ਵਫ਼ਾ ਦੇ ਅਰਥ ਨੂੰ ਨਾ
ਉਮਰ ਭਰ ਹੀ ਸਮਝਿਆ

ਪਰ ਵਫ਼ਾ ਦੀ ਜੋਤ ਮੈਨੂੰ
ਤੂੰ ਜਗਾਈ ਜਾਣ ਦੇ

ਹੈ ਇਸ਼ਕ ਦਾ ਦਸਤੂਰ ਇਹ
ਇਹ ਵੀ ਨਿਭਾਈ ਜਾਣ ਦੇ

ਮੈਂ ਪਵਿੱਤਰ ਪਿਆਰ ਨੂੰ
ਰਾਤੀਂ ਝਨਾ 'ਚੋਂ ਭਾਲਦਾਂ



ਫਿਰ ਦਿਨੇ ਮੈਂ ਜ਼ਿੰਦਗੀ ਨੂੰ
ਗ਼ਮ ਦੇ ਥਲ ਵਿਚ ਜਾਲਦਾਂ

ਮੈਨੂੰ ਧੁਖ ਧੁਖ ਕੇ ਇਵੇ
ਜੀਵਨ ਬਿਤਾਈ ਜਾਣ ਦੇ

ਹੈ ਇਸ਼ਕ ਦਾ ਦਸਤੂਰ ਇਹ
ਇਹ ਵੀ ਨਿਭਾਈ ਜਾਣ ਦੇ

ਮੇਰੇ ਵਾਂਗੂੰ ਜੀਣਾ ਹੈ ਤਾਂ
ਤੂੰ ਕਿਸੇ ਨੂੰ ਪਿਆਰ ਕਰ

ਇਸ਼ਕ ਨੂੰ ਜੇ ਸਮਝਣੈ
ਤਾਂ ਅੱਖੀਆਂ ਤੂੰ ਚਾਰ ਕਰ

ਰੋਈ ਜਾਣ ਦੇ ਕਦੇ ਦਿਲ
ਮੁਸਕਰਾਈ ਜਾਣ ਦੇ

ਹੈ ਇਸ਼ਕ ਦਾ ਦਸਤੂਰ ਇਹ
ਇਹ ਵੀ ਨਿਭਾਈ ਜਾਣ ਦੇ



ਤੇਰੇ ਦਿਲ ਤੇ ਵਰ੍ਹਨਗੇ
ਪੱਥਰ ਜਦੋਂ ਐ ਬੇ-ਖ਼ਬਰ

ਸਮਝੇਂਗਾ "ਪਰਦੇਸੀ" ਵਾਂਗੂ
ਓਪਰਾ ਅਪਣਾ ਨਗਰ

ਪੀੜ ਦਿਲਬਰ ਦੀ ਹੈ
ਆਖੇਂਗਾ ਹੰਢਾਈ ਜਾਣ ਦੇ

ਹੈ ਇਸ਼ਕ ਦਾ ਦਸਤੂਰ ਇਹ
ਇਹ ਵੀ ਨਿਭਾਈ ਜਾਣ ਦੇ

ਮੈਨੂੰ ਕਲਿਆਂ ਬੈਠ ਕੇ
ਹੰਝੂ ਵਹਾਈ ਜਾਣ ਦੇ

ਹੈ ਇਸ਼ਕ ਦਾ ਦਸਤੂਰ ਇਹ
ਇਹ ਵੀ ਨਿਭਾਈ ਜਾਣ ਦੇ



## ਜੋਗੀਆ ਘਰ ਨੂੰ ਫੇਰਾ ਪਾ

ਘਰ ਨੂੰ ਫੇਰਾ ਪਾ
ਜੋਗੀਆ
ਘਰ ਨੂੰ ਫੇਰਾ ਪਾ
ਲੱਗੇ ਭਰਨ ਉਡਾਰੀ ਸਾਡੇ
ਤਿੱਤਰ ਖੰਭੇ ਚਾਅ
ਜੋਗੀਆ
ਘਰ ਨੂੰ ਫੇਰਾ ਪਾ

ਜੀ ਕਰਦਾ ਏ ਬੱਦਲਾਂ ਦੇ ਗਲ
ਬਾਹਾਂ ਪਾ-ਪਾ ਨੱਚੀਏ
ਪੌਣਾਂ ਦੇ ਵਿਚ ਘੁਲ-ਮਿਲ ਜਾਈਏ
ਮਹਿਕਾਂ ਦੇ ਵਿਚ ਵੱਸੀਏ
ਸ਼ੀਸ਼ੇ ਮੂਹਰੇ ਖੜ੍ਹ ਕੇ ਹੁਣ ਤਾਂ
ਪੈਂਦੇ ਹਾਂ ਸ਼ਰਮਾ
ਜੋਗੀਆ
ਘਰ ਨੂੰ ਫੇਰਾ ਪਾ

ਤੇਰੀਆਂ ਯਾਦਾਂ ਤੇਰੇ ਵਾਅਦੇ
ਬੁੱਕਲ ਵਿਚ ਲੁਕੋ ਕੇ
ਅੱਖੀਆਂ ਨੂੰ ਬੰਦ ਕਰ ਲੈਂਦੇ ਹਾਂ
ਹੰਝੂਆਂ ਵਿਚ ਡੁਬੋ ਕੇ
ਕਿਸ ਨਾਗਿਨ ਨੇ ਤੇਰੇ ਉੱਤੇ
ਲਿੱਤਾ ਪੱਟੂ ਪਾ
ਜੋਗੀਆ
ਘਰ ਨੂੰ ਫੇਰਾ ਪਾ


ਰਾਤਾਂ ਤੋਂ ਦਿਨ ਵੱਡੇ ਜਾਪਣ
ਦਿਨ ਤੋਂ ਲੰਮੀਆਂ ਰਾਤਾਂ
ਜੇਠ ਹਾੜ੍ਹ ਤਪਦਿਆਂ ਨੂੰ ਲੰਘੇ
ਤਪਦਿਆਂ ਹੀ ਬਰਸਾਤਾਂ
ਰਾਤ ਚਾਨਣੀ ਵੀ ਹੁਣ ਜਾਪੇ
ਅਗਨੀ ਦਾ ਦਰਿਆ
ਜੋਗੀਆ
ਘਰ ਨੂੰ ਫੇਰਾ ਪਾ





ਬੱਦਲੀ ਦੇ ਸੰਗ ਚੰਨ ਦੀ
ਲੁੱਕਣ ਮੀਟੀ ਤਕ ਸ਼ਰਮਾਈਏ
ਇਹ ਨਾ ਹੋਵੇ ਹਉਕੇ ਭਰ-ਭਰ
ਦਿਨ ਚੜ੍ਹਦੇ ਮਰ ਜਾਈਏ
"ਪਰਦੇਸੀ" ਹੁਣ ਸਬਰ ਅਸਾਂ ਦਾ
ਹੋਰ ਨਾ ਤੂੰ ਆਜ਼ਮਾ
ਜੋਗੀਆ
ਘਰ ਨੂੰ ਫੇਰਾ ਪਾ

ਘਰ ਨੂੰ ਫੇਰਾ ਪਾ
ਜੋਗੀਆ
ਘਰ ਨੂੰ ਫੇਰਾ ਪਾ
ਲੱਗੇ ਭਰਨ ਉਡਾਰੀ ਸਾਡੇ
ਤਿੱਤਰ ਖੰਭੇ ਚਾਅ
ਜੋਗੀਆ
ਘਰ ਨੂੰ ਫੇਰਾ ਪਾ



# ਤੌਂਬਾ ਪਤਾ ਵੀ ਨਾ ਲੱਗਾ

ਤੌਂਬਾ ਪਤਾ ਵੀ ਨਾ ਲੱਗਾ ਕਦੋਂ ਪਿਆਰ ਹੋਇਆ ਜਿੰਦੇ
ਪਤਾ ਲੱਗਾ ਜਦੋਂ ਜੀਣਾ ਦੁਸ਼ਵਾਰ ਹੋਇਆ ਜਿੰਦੇ

ਗਿੱਲੇ ਗੋਹੇ ਵਾਂਗੂੰ ਧੁਖ਼ ਧੁਖ਼ ਅਉਧ ਜਾਵੇ ਬੀਤੀ
ਸਾਡੇ ਨੈਣ ਪਥਰਾਏ ਸਾਡੀ ਜੀਭ ਗਈ ਸੀਤੀ


ਕੌੜੇ ਧੂੰਏਂ ਵਿਚ ਜੀਣਾ ਹੈ ਗਵਾਰ ਹੋਇਆ ਜਿੰਦੇ
ਤੌਂਬਾ ਪਤਾ ਵੀ ਨਾ ਲੱਗਾ ਕਦੋਂ ਪਿਆਰ ਹੋਇਆ ਜਿੰਦੇ

ਚੰਨ ਚਾਨਣੀ ਚ ਹੁੰਦੇ ਤਾਰੇ ਤੋੜਨ ਦੇ ਵਾਅਦੇ
ਜਦੋਂ ਮੱਸਿਆ ਹੈ ਆਉਂਦੀ ਜਾਂਦੇ ਬਦਲ ਇਰਾਦੇ

ਤੇਰੇ ਵਾਦਿਆਂ ਨੂੰ ਤਾਂ ਵੀ ਨਾ ਵਿਸਾਰ ਹੋਇਆ ਜਿੰਦੇ
ਪਤਾ ਲੱਗਾ ਜਦੋਂ ਜੀਣਾ ਦੁਸ਼ਵਾਰ ਹੋਇਆ ਜਿੰਦੇ

ਸਾਡੇ ਉਤੇ ਚੰਨਾ ਕਹਿਰ ਤੇਰੇ ਹਾਸਿਆਂ ਸੀ ਢਾਇਆ
ਏਸ ਅਗਨੀ ਦੇ ਰੁੱਤੇ ਲੜ ਹੰਝੂਆਂ ਦੇ ਲਾਇਆ





ਹੁਣ ਹੰਝੂਆਂ ਦੇ ਨਾਲ ਹੈ ਵਿਵਹਾਰ ਹੋਇਆ ਜਿੰਦੇ
ਤੌਂਬਾ ਪਤਾ ਵੀ ਨਾ ਲੱਗਾ ਕਦੋਂ ਪਿਆਰ ਹੋਇਆ ਜਿੰਦੇ


ਉਹੋ ਜਾਮਨੂੰ ਦਾ ਬੂਟਾ ਜਦੋਂ ਅੱਖਾਂ ਸ੍ਹਾਵੇਂ ਆਵੇ
ਦਾਗ਼ ਜਾਮਨਾਂ ਜਹੇ ਵੇ ਸਾਡੀ ਬੁੱਲੀਆਂ ਤੇ ਪਾਵੇ

ਰੰਗ ਕਿਹੜਿਆਂ ਰੰਗਾਂ ਚ ਰੁਖ਼ਸਾਰ ਹੋਇਆ ਜਿੰਦੇ
ਤੌਂਬਾ ਪਤਾ ਵੀ ਨਾ ਲੱਗਾ ਕਦੋਂ ਪਿਆਰ ਹੋਇਆ ਜਿੰਦੇ

ਕਦੀ ਇਸ਼ਕੇ ਚ ਤਾਰੀਆਂ ਨਾ ਲਾਉਂਦੇ ਵੇਖਾ ਵੇਖੀ
ਪਤਾ ਹੁੰਦਾ ਜੇ ਰਾਜਿੰਦਰ ਹੋ ਜਾਊ 'ਪਰਦੇਸੀ'

ਕੱਚੇ ਘੜਿਆਂ ਤੇ ਕਦੋਂ ਕੋਈ ਪਾਰ ਹੋਇਆ ਜਿੰਦੇ
ਪਤਾ ਲੱਗਾ ਜਦੋਂ ਜੀਣਾ ਦੁਸ਼ਵਾਰ ਹੋਇਆ ਜਿੰਦੇ

ਤੌਂਬਾ ਪਤਾ ਵੀ ਨਾ ਲੱਗਾ ਕਦੋਂ ਪਿਆਰ ਹੋਇਆ ਜਿੰਦੇ
ਪਤਾ ਲੱਗਾ ਜਦੋਂ ਜੀਣਾ ਦੁਸ਼ਵਾਰ ਹੋਇਆ ਜਿੰਦੇ



# ਚਾਨਣੀਆਂ ਦਾ ਦਰਿਆ

ਆ ਜਾ ਸੱਜਣਾ ਕਾਹਨੂੰ ਏਨਾਂ
ਦਿਲ ਤੂੰ ਪੱਥਰ ਕਰਿਆ ਵੇ
ਸਾਡੇ ਦਿਲ ਨੂੰ ਧੂ ਪਾਉਂਦਾ ਏ
ਚਾਨਣੀਆਂ ਦਾ ਦਰਿਆ ਵੇ

ਵਾ, ਅੰਗਿਆਰਾਂ ਸੰਗ ਖਹਿ-ਖਹਿ ਕੇ
ਅੱਗ ਫਿਰੇ ਭੜਕਾਂਦੀ ਵੇ
ਖ਼ਬਰੇ ਕਿਉਂ ਆਏ ਦਿਨ ਸਾਡੀ
ਰਾਤ ਸਰਾਪੀ ਜਾਂਦੀ ਵੇ

ਤਿੜ-ਤਿੜ ਕਰਕੇ ਤਾਰੇ ਤਿੜਕੇ
ਜਦ ਮੈਂ ਹਉਕਾ ਭਰਿਆ ਵੇ
ਆ ਜਾ ਸਜਣਾ ਕਾਹਨੂੰ ਏਨਾਂ
ਦਿਲ ਤੂੰ ਪੱਥਰ ਕਰਿਆ ਵੇ

ਚਾਨਣੀਆਂ ਰਾਤਾਂ ਨੇ ਸੀਨੇ
ਐਸੇ ਭਾਂਬੜ ਬਾਲੇ ਵੇ
ਮੇਰੀ ਹਰ ਸੱਧਰ ਦੇ ਦਿਲ ਤੇ
ਹੋਏ ਛਾਲੇ ਛਾਲੇ ਵੇ





ਨੈਣਾਂ ਦੇ ਵਿਚ ਡਕਿਆ ਸਾਵਣ
ਛਮ ਛਮ ਕਰਕੇ ਵਰ੍ਹਿਆ ਵੇ
ਸਾਡੇ ਦਿਲ ਨੂੰ ਧੂ ਪਾਉਂਦਾ ਏ
ਚਾਨਣੀਆਂ ਦਾ ਦਰਿਆ ਵੇ

ਜਦ ਮੈਂ ਵੇਖਾਂ ਫੁੱਲਾਂ ਦੇ ਸੰਗ
ਭਰਦੀ ਪੌਂਣ ਕਲਾਵੇ ਵੇ
ਮੁੱਠਾਂ ਦੇ ਵਿਚ ਘੁਟ ਘੁਟ ਰੱਖੀ
ਜਿੰਦ ਮੇਰੀ ਕਿਰ ਜਾਵੇ ਵੇ

ਆ "ਪਰਦੇਸੀ" ਹੋਰ ਤਸੀਹਾ
ਜਾਂਦਾ ਨਹੀਂਓ ਜਰਿਆ ਵੇ
ਆ ਜਾ ਸਜਣਾ ਕਾਹਨੂੰ ਏਨਾ
ਦਿਲ ਤੂੰ ਪੱਥਰ ਕਰਿਆ ਵੇ

ਆ ਜਾ ਸੱਜਣਾ ਕਾਹਨੂੰ ਏਨਾਂ
ਦਿਲ ਤੂੰ ਪੱਥਰ ਕਰਿਆ ਵੇ
ਸਾਡੇ ਦਿਲ ਨੂੰ ਧੂ ਪਾਉਂਦਾ ਏ
ਚਾਨਣੀਆਂ ਦਾ ਦਰਿਆ ਵੇ

# ਗੱਲਾਂ ਕੂੜੀਆਂ ਵੇ ਸਾਈਆਂ

ਕਦੀ ਆਹ ਮਜਬੂਰੀ
ਕਦੀ ਔਹ ਮਜਬੂਰੀ
ਪੈਣ ਦੋਜ਼ਖਾਂ ਦੀ ਅੱਗ ਇਹ ਮਜਬੂਰੀਆਂ ਵੇ ਸਾਈਆਂ
ਤੇਰੇ ਝੂਠੇ ਨੇ ਦਿਲਾਸੇ ਗੱਲਾਂ ਕੂੜੀਆਂ ਵੇ ਸਾਈਆਂ

ਆਈ ਰਾਂਗਲੀ ਇਹ ਰੁੱਤ ਸੁੱਤਾ ਵਸਲਾਂ ਦਾ ਭੌਰ
ਚੰਨਾ ਜਿੱਥੇ ਤੇਰੀ ਦਿੱਲੀ ਸਾਡਾ ਓਥੇ ਹੀ ਲਹੌਰ
ਘੱਲ ਆਉਣ ਦੀਆਂ ਸਾਨੂੰ ਮਨਜ਼ੂਰੀਆਂ ਵੇ ਸਾਈਆਂ
ਪੈਣ ਦੋਜ਼ਖਾਂ ਦੀ ਅੱਗ ਇਹ ਮਜਬੂਰੀਆਂ ਵੇ ਸਾਈਆਂ

ਝੂਰੇ ਮੋਰਨੀ ਉਦਾਸੀ ਕਦੋਂ ਮੋਰ ਪੈਲਾਂ ਪਾਵੇ
ਦਿਨ ਡੁੱਬਦੇ ਵਣਾਂ ਚ ਸਾਡਾ ਦਿਲ ਡੁੱਬ ਜਾਵੇ
ਕਾਵਾਂ ਕੀਤੀਆਂ ਹਰਾਮ ਖਾ ਖਾ ਚੂਰੀਆਂ ਵੇ ਸਾਈਆਂ
ਤੇਰੇ ਝੂਠੇ ਨੇ ਦਿਲਾਸੇ ਗੱਲਾਂ ਕੂੜੀਆਂ ਵੇ ਸਾਈਆਂ

ਸਾਡੀ ਸੁੰਨੀ ਸੁੰਨੀ ਰੂਹ ਜਿੰਦ ਰੋਹੀ ਬੀਆਬਾਨ
ਓਥੇ ਉੱਗ ਪੈਂਦੇ ਅੱਕ ਜਿੱਥੇ ਧਰਤੀ ਬਰਾਨ






ਕਦ ਬੀਜਣੀਆਂ ਆ ਕੇ ਕਸਤੂਰੀਆਂ ਵੇ ਸਾਈਆਂ
ਪੈਣ ਦੋਜ਼ਖਾਂ ਦੀ ਅੱਗ ਇਹ ਮਜਬੂਰੀਆਂ ਵੇ ਸਾਈਆਂ

ਤੂੰ ਕੀ ਜਾਣੇ ਪਰਦੇਸੀ ਕਿੱਦਾਂ ਜਿੰਦ ਹਾਂ ਬਚਾਉਂਦੇ
ਜਦੋਂ ਸੁਪਨੇ ਰਗਾਂ ਨੂੰ ਆ ਕੇ ਨਾਗਵਲ਼ ਪਾਉਂਦੇ
ਸਾਨੂੰ ਨੀਂਦਰਾਂ ਕਦੀ ਨਾ ਆਈਆਂ ਪੂਰੀਆਂ ਵੇ ਸਾਈਆਂ
ਤੇਰੇ ਝੂਠੇ ਨੇ ਦਿਲਾਸੇ ਗੱਲਾਂ ਕੂੜੀਆਂ ਵੇ ਸਾਈਆਂ

ਕਦੀ ਆਹ ਮਜਬੂਰੀ
ਕਦੀ ਔਹ ਮਜਬੂਰੀ
ਪੈਣ ਦੋਜ਼ਖਾਂ ਦੀ ਅੱਗ ਇਹ ਮਜਬੂਰੀਆਂ ਵੇ ਸਾਈਆਂ
ਤੇਰੇ ਝੂਠੇ ਨੇ ਦਿਲਾਸੇ ਗੱਲਾਂ ਕੂੜੀਆਂ ਵੇ ਸਾਈਆਂ

# ਦਿਲ ਦਾ ਬਣਾ ਦਿਆਂ ਮੂਹੜਾ

ਖੜਿਆਂ ਬਾਝ ਤਾ ਪਿੱਪਲ ਸੋਂਹਦੇ
ਫੁੱਲਾਂ ਬਾਝ ਫਲਾਈਆਂ
ਹੱਸਾਂ ਨਾਲ ਹਮੇਲਾਂ ਸੋਂਹਦੀਆਂ
ਬੰਦਾਂ ਨਾਲ ਗਜਰਾਈਆਂ

ਆ ਜਾ ਦਿਲ ਦਾ ਬਣਾ ਦਿਆਂ ਮੂਹੜਾ
ਮਾਹੀ ਵੇ ਤੇਰੇ ਬੈਠਣ ਨੂੰ
ਵੇ ਮੈ ਪਲਕਾਂ ਬਣਾ ਦਿਆਂ ਮੂਹੜਾ
ਮਾਹੀ ਵੇ ਤੇਰੇ ਬੈਠਣ ਨੂੰ

ਨਾਲ ਨਾਲ ਗਾਈਏ ਅਤੇ ਨਾਲ ਨਾਲ ਨੱਚੀਏ
ਆ ਜਾ ਅੱਜ ਗਿੱਧੇ ਚ ਦੋਵੇਂ ਹੀ ਧੂੜਾਂ ਪੱਟੀਏ
ਵੇਖ ਝਾਂਜਰਾਂ ਵਜਾਇਆ ਤਾਨਪੂਰਾ
ਮਾਹੀ ਵੇ ਤੇਰੇ ਬੈਠਣ ਨੂੰ
ਵੇ ਮੈਂ ਦਿਲ ਦਾ ਬਣਾ ਦਿਆਂ ਮੂਹੜਾ.

ਬੁਲੀਆਂ ਤੇ ਗੀਤ ਅਤੇ ਵੀਣੀਆਂ ਤੇ ਸਾਜ਼ ਵੇ
ਕੰਨ ਲਾ ਕੇ ਸੁਣ ਸਾਡੇ ਦਿਲ ਦੀ ਆਵਾਜ਼ ਵੇ





ਵੇ ਤੇਨੂੰ ਵੇਖ ਕੇ ਛਣਕ ਪੈਂਦਾ ਚੂੜਾ
ਮਾਹੀ ਵੇ ਤੇਰੇ ਬੈਠਣ ਨੂੰ
ਵੇ ਮੈਂ ਪਲਕਾਂ ਬਣਾ ਦਿਆਂ ਮੂਹੜਾ

ਚੂੜੀਆਂ ਘੜਾ ਦੇ ਤੇ ਘੜਾ ਦੇ ਗੁਲੂਬੰਦ ਵੇ
ਅੱਜ ਚੰਨਾ ਆਪਣੇ ਵਿਆਹ ਦੀ ਵਰ੍ਹੇ ਗੰਢ ਵੇ
ਵੇ ਅੱਜ ਸਾਲ ਹੋ ਗਿਆ ਪੂਰਾ
ਮਾਹੀ ਵੇ ਤੇਰੇ ਬੈਠਣ ਨੂੰ
ਵੇ ਮੈਂ ਦਿਲ ਦਾ ਬਣਾ ਦਿਆਂ ਮੂਹੜਾ

ਗਿੱਠ ਗਿੱਠ ਲਾਲੀਆਂ ਤੇ ਗੋਡੇ ਗੋਡੇ ਚਾਅ ਵੇ
ਨਜ਼ਰਾਂ ਤੋਂ ਸਾਨੂੰ "ਪਰਦੇਸੀ" ਲੈ ਬਚਾ ਵੇ
ਵੇ ਲੋਕੀਂ ਮੱਚਦੇ ਪਿਆਰ ਵੇਖ ਗੂਹੜਾ
ਮਾਹੀ ਵੇ ਤੇਰੇ ਬੈਠਣ ਨੂੰ
ਵੇ ਮੈਂ ਪਲਕਾਂ ਬਣਾ ਦਿਆਂ ਮੂਹੜਾ

ਆ ਜਾ ਦਿਲ ਦਾ ਬਣਾ ਦਿਆਂ ਮੂਹੜਾ
ਮਾਹੀ ਵੇ ਤੇਰੇ ਬੈਠਣ ਨੂੰ
ਵੇ ਮੈ ਪਲਕਾਂ ਬਣਾ ਦਿਆਂ ਮੂਹੜਾ
ਮਾਹੀ ਵੇ ਤੇਰੇ ਬੈਠਣ ਨੂੰ

# ਵੇ ਪਟਵਾਰੀ ਮੁੰਡਿਆ

ਲੋਕੋ ਅੱਗ ਵਿਛੋੜੇ ਦੀ ਬੜੀ ਡਾਢੀ
ਮੱਚੀ ਜਾਂਦੀ ਦੇ ਨਹੀਂ ਅੰਗਿਆਰ ਦਿਸਦੇ
ਤੱਤਾ ਪਾਨੀ ਵੀ ਅੱਗ ਬੁਝਾ ਦੇਂਦੈ
ਜਦੋਂ ਆਪਣੇ ਨੈਣਾਂ 'ਚੋਂ ਯਾਰ ਦਿਸ ਪੇ

ਵੇ ਪਟਵਾਰੀ ਮੁੰਡਿਆ
ਵੇਖੀਂ ਵਿਛੋੜਾ ਨਾ ਤੂੰ ਪਾਈਂ
ਵੇ ਪਟਵਾਰੀ ਮੁੰਡਿਆ
ਲੱਗੀਆਂ ਦੀ ਲੱਜ ਵੇ ਪੁਗਾਈਂ

ਮਿਣ ਮਿਣ ਧਰਤੀ ਗੁਜ਼ਾਰੇ ਕਈ ਸਾਲ ਵੇ
ਪਿਆਰ ਸਾਡਾ ਮਿਣ ਨਾ ਜ਼ਰੀਬਾਂ ਦੇ ਤੂੰ ਨਾਲ ਵੇ
ਵੇ ਸਾਨੂੰ ਰਕਬਾ ਸਮਝ ਹੀ ਨਾ ਜਾਈਂ
ਵੇ ਪਟਵਾਰੀ ਮੁੰਡਿਆ
ਵੇਖੀਂ ਵਿਛੋੜਾ ਨਾ ਤੂੰ ਪਾਈਂ



ਪਿੰਡਾਂ ਵਿਚ ਮਰਲੇ ਤੇ ਸ਼ਹਿਰਾਂ ਵਿਚ ਗਜ ਵੇ
ਹੁੰਦਾ ਨਾ ਮੁਹੱਬਤਾਂ ਦਾ ਮਿਣਤੀ 'ਚ ਰਜ ਵੇ
ਵੇ ਸਾਨੂੰ ਫੁੱਟਾਂ ਵਿਚ ਦੀ ਨਾ ਤੂੰ ਲੰਘਾਈਂ
ਵੇ ਪਟਵਾਰੀ ਮੁੰਡਿਆ
ਵੇਖੀਂ ਵਿਛੋੜਾ ਨਾ ਤੂੰ ਪਾਈਂ

ਧਰਤੀ ਦੀ ਸਹੁੰ ਖਾ ਕੇ ਕਰਾਂ ਅਰਜ਼ੋਈ ਵੇ
ਪਿਆਰ ਵਿਚ ਕਦੇ ਨਾ ਮੁਰੱਬੇਬੰਦੀ ਹੋਈ ਵੇ
ਵੇ ਸਾਥੋਂ ਦੂਰ, ਹਾਇ, ਕਿਆਰੀ ਨਾ ਬਣਾਈਂ
ਵੇ ਪਟਵਾਰੀ ਮੁੰਡਿਆ
ਵੇਖੀਂ ਵਿਛੋੜਾ ਨਾ ਤੂੰ ਪਾਈਂ

ਗੰਨੇ ਦੀਆਂ ਪੋਰੀਆਂ ਤੇ ਮੱਕੀ ਦੀਆਂ ਛੱਲੀਆਂ
'ਪਰਦੇਸੀ' ਇਹਨਾਂ ਹੀ ਮੁਹੱਬਤਾਂ ਨੇ ਮੱਲੀਆਂ
ਵੇ ਗੰਨੇ ਛੱਲੀਆਂ ਸਮਝ ਕੇ ਲੈ ਜਾਈਂ
ਵੇ ਪਟਵਾਰੀ ਮੁੰਡਿਆ
ਵੇਖੀਂ ਵਿਛੋੜਾ ਨਾ ਤੂੰ ਪਾਈਂ

# ਅੰਬ ਚੂਪਦੀ

ਅੰਬ ਚੂਪਦੀ ਬਨੇਰੇ ਉੱਤੇ ਬਹਿ ਕੇ
ਬਈ ਮੁੰਡਿਆਂ ਦੇ ਮਾਰੇ ਗਿੱਟਕਾਂ

ਰੋਕੇ ਸਾਸਰੀਅਕਾਲ ਸਾਨੂੰ ਕਹਿ ਕੇ
ਬਈ ਮਿੱਤਰਾਂ ਦੇ ਮਾਰੇ ਗਿੱਟਕਾਂ

ਸੱਪ ਰੰਗੀ ਚੁੰਨੀ ਉਹਦੀ ਸੂਟ ਅੰਬ ਰੰਗ ਦਾ
ਉਹੀਓ ਜਾਂਦਾ ਡੰਗਿਆ ਜਿਹੜਾ ਵੀ ਕੋਲੋਂ ਲੰਘਦਾ

ਕੋਈ ਬਚ ਨਾ ਸਕੇਗਾ ਸ਼ਹਿ ਸ਼ਹਿ ਕੇ
ਬਈ ਮੁੰਡਿਆਂ ਦੇ ਮਾਰੇ ਗਿੱਟਕਾਂ

ਲਈ ਅੰਗੜਾਈ ਉਹਨੇ ਬਾਹਾਂ ਉੱਤੇ ਚੁੱਕੀਆਂ
ਸਾਉਣ ਦੀਆਂ ਠੰਢੀਆਂ ਹਵਾਵਾਂ ਮੱਚ ਉੱਠੀਆਂ

ਲੰਘੀ ਬਿਜਲੀ ਬਦਲ ਨਾਲੋਂ ਖਹਿ ਕੇ
ਬਈ ਮਿੱਤਰਾਂ ਦੇ ਮਾਰੇ ਗਿੱਟਕਾਂ





ਗੁੱਤ ਨੂੰ ਘੁਮਾਉਂਦੀ ਜਦੋਂ ਸਾਹਮਣੇ ਖਲੋ ਗਈ
ਸਾਡੇ ਦਿਲ ਨਾਲ ਸਾਡੀ ਅਣਬਣ ਹੋ ਗਈ

ਦਿਲ ਕੂਕਦਾ ਫਿਰੇ ਰਹਿ ਰਹਿ ਕੇ
ਇਹ ਮੁੰਡਿਆਂ ਦੇ ਮਾਰੇ ਗਿੱਟਕਾਂ

ਗੋਰੇ ਗੋਰੇ ਅੰਗ ਉਹਦੇ ਲਾਲ ਲਾਲ ਬੁੱਲ੍ਹੀਆਂ
ਵੇਖ "ਪਰਦੇਸੀ" ਦੀਆਂ ਸੁਰਤਾਂ ਹੀ ਭੁੱਲੀਆਂ

ਰੁੜ ਗਿਆ ਉਹ ਖਿਆਲਾਂ ਵਿਚ ਵਹਿ ਕੇ
ਬਈ ਮਿੱਤਰਾਂ ਦੇ ਮਾਰੇ ਗਿੱਟਕਾਂ

ਅੰਬ ਚੂਪਦੀ ਬਨ੍ਹੇਰੇ ਉੱਤੇ ਬਹਿ ਕੇ
ਬਈ ਮੁੰਡਿਆਂ ਦੇ ਮਾਰੇ ਗਿੱਟਕਾਂ

ਰੋਕੇ ਸਾਸਰੀਅਕਾਲ ਬਿੱਲੋ ਕਹਿ ਕੇ
ਬਈ ਮਿੱਤਰਾਂ ਦੇ ਮਾਰੇ ਗਿੱਟਕਾਂ

## ਝਾਂਜਰ

ਝਾਂਜਰ ਨਾ ਛਣਕਾ
ਨੀ ਕੁੜੀਏ
ਝਾਂਜਰ ਨਾ ਛਣਕਾ
ਇਹ ਛਣਕਾਟੇ ਦੇਣਗੇ ਇਕ ਦਿਨ
ਕੋਈ ਪੁਆੜਾ ਪਾ
ਝਾਂਜਰ ਨਾ ਛਣਕਾ
ਨੀ ਕੁੜੀਏ
ਝਾਂਜਰ ਨਾ ਛਣਕਾ

ਏਸ ਨਗਰੀ ਦੇ ਲੋਕ ਨੇ ਖੋਰੀ
ਕਰ ਲੈਂਦੇ ਛਣਕਾਟੇ ਚੋਰੀ
ਅਣਮੁੱਲੇ ਛਣਕਾਟੇ ਵਿਕਦੇ
ਫਿਰ ਕੌਡਾਂ ਦੇ ਭਾਅ
ਝਾਂਜਰ ਨਾ ਛਣਕਾ
ਨੀ ਕੁੜੀਏ
ਝਾਂਜਰ ਨਾ ਛਣਕਾ

ਜੋ ਝਾਂਜਰ ਦਾ ਗੀਤ ਸਮਝ ਗਏ
ਜੀਵਨ ਦਾ ਸੰਗੀਤ ਸਮਝ ਗਏ





ਪ੍ਰੀਤਾਂ ਤੇ ਖਾਲੀ ਕਾਸੇ ਨੂੰ
ਗੀਤਾਂ ਨਾਲ ਭਰਾ
ਝਾਂਜਰ ਨਾ ਛਣਕਾ
ਨੀ ਕੁੜੀਏ
ਝਾਂਜਰ ਨਾ ਛਣਕਾ

ਝਾਂਜਰ ਉਹ ਜੋ ਆਪੂੰ ਛਣਕੇ
ਜਿਸ ਦੇ ਕਿਰਨ ਕਦੀ ਨਾ ਮਣਕੇ
ਉਸ ਝਾਂਜਰ ਨੂੰ ਮਨ ਮਰਜ਼ੀ
ਫਿਰ ਸਕਦੈ ਕੌਣ ਕਰਾ
ਝਾਂਜਰ ਨਾ ਛਣਕਾ
ਨੀ ਕੁੜੀਏ
ਝਾਂਜਰ ਨਾ ਛਣਕਾ

ਇਹ ਝਾਂਜਰ ਹੈ ਗੋਰੀ ਚਿੱਟੀ
ਇਸ ਤੇ ਪੈਣ ਨਾ ਦੇਵੀਂ ਮਿੱਟੀ
"ਪਰਦੇਸੀ" ਸੰਗੀਤ ਦੀ ਰਾਣੀ
ਗੀਤਾਂ ਨਾਲ ਸਜਾ
ਝਾਂਜਰ ਨਾ ਛਣਕਾ
ਨੀ ਕੁੜੀਏ
ਝਾਂਜਰ ਨਾ ਛਣਕਾ

# ਲੋਰੀ ਦਾ ਗੀਤ

ਰੱਬਾ ਲੱਖ ਨਿਆਮਤਾਂ ਜੱਗ ਉੱਤੇ
ਤੇ ਕੋਈ ਇਸ ਤੋਂ ਨਹੀਂ ਪਿਆਰੀ
ਹਰ ਘਰ ਵਿੱਚੋਂ ਆਵੇ ਯਾ ਰੱਬ
ਬੱਚਿਆਂ ਦੀ ਕਿਲਕਾਰੀ

ਇਹ ਮਿਠੜੇ ਮਿਠੜੇ ਮੇਵੇ
ਰੱਬ ਸਭ ਨੂੰ ਦੇਵੇ

ਗੋਲ-ਮਟੋਲੇ ਭੋਲੇ ਭੋਲੇ
ਲਭਦੇ ਨਹੀਓਂ ਜੇ ਕੋਈ ਟੋਲੇ
ਦਾਤੇ ਦੀ ਦਾਤਾਰ ਨੇ ਇਹ ਤਾਂ
ਉਮਰਾਂ ਭਰ ਦਾ ਪਿਆਰ ਨੇ ਇਹ ਤਾਂ
ਕੁੱਛੜ ਚੁੱਕੋ ਖਿੜ-ਖਿੜ ਹਸਦੇ
ਹਸਦੇ ਹਸਦੇ ਦਾੜ੍ਹੀ ਪਟਦੇ

ਇਹ ਮਿਠੜੇ ਮਿਠੜੇ ਮੇਵੇ
ਰੱਬ ਸਭ ਨੂੰ ਦੇਵੇ



ਉਂਗਲ ਤੇ ਜਦ ਵੱਢਣ ਦੰਦੀਂ
ਲਗਦੀ ਕਿੰਨੀ ਚੰਗੀ ਚੰਗੀ
ਫਿਰ ਜਦ ਗਲ ਵਿਚ ਬਾਹਾਂ ਪਾਉਂਦੇ
ਕਿੱਦਾਂ ਅਪਣੀ ਗਲ ਮਨਵਾਉਂਦੇ

ਇਹ ਮਿਠੜੇ ਮਿਠੜੇ ਮੇਵੇ
ਰੱਬ ਸਭ ਨੂੰ ਦੇਵੇ

ਇਹਨਾਂ ਬਿਨ ਸੋਂਹਦੇ ਨਾ ਵਿਹੜੇ
ਨਾ ਇਹਨਾਂ ਬਿਨ ਖੁਸ਼ੀਆਂ ਖੇੜੇ
ਨਿੱਕੀ- ਨਿੱਕੀ ਗੱਲੋਂ ਰੁਸਦੇ
ਰੁਸ- ਰੁਸ ਕੇ ਕੁਝ ਚੁਕ- ਚੁਕ ਸੁੱਟਦੇ
ਮੈਂ ਤੇ ਸੋਚਾਂ ਬੇਸਮਝੀ ਵਿਚ
ਆਪਣਾ- ਆਪਣਾ ਬਚਪਨ ਬੁਚਦੇ


ਇਹ ਮਿਠੜੇ ਮਿਠੜੇ ਮੇਵੇ
ਰੱਬ ਸਭ ਨੂੰ ਦੇਵੇ



ਸੌਂ ਜਾਵੋ ਤਾਂ ਰਾਤ ਓਸ ਦੀ
ਜਾਗ ਪਵੋ ਪਰਭਾਤ ਓਸਦੀ
ਇਹ ਤਾਂ ਹੈ ਖ਼ੈਰਾਤ ਓਸ ਦੀ
"ਪਰਦੇਸੀ" ਸਭ ਤੇ ਨਾ ਹੁੰਦੀ
ਰਹਿਮਤ ਦੀ ਬਰਸਾਤ ਓਸ ਦੀ

ਇਹ ਮਿਠੜੇ ਮਿਠੜੇ ਮੇਵੇ
ਰੱਬ ਸਭ ਨੂੰ ਦੇਵੇ





# ਸਾਡੀ ਬਾਗਾਂ ਤੇ ਸਰਦਾਰੀ

ਸਾਡੀ ਬਾਗਾਂ ਤੇ ਸਰਦਾਰੀ
ਵੇ ਤੈਨੂੰ ਕਿਵੇਂ ਬੇਰ ਦੇ ਦਿਆਂ
ਤੇਰੀ ਮੱਤ ਗਈ ਗੱਭਰੂਆ ਮਾਰੀ
ਵੇ ਤੈਨੂੰ ਕਿਵੇਂ ਬੇਰ ਦੇ ਦਿਆਂ

ਇਹਨਾਂ ਬੇਰੀਆਂ ਦਾ ਹੱਕਦਾਰ ਕੌਣ ਵੇ
ਇਹ ਨਾ ਜਾਣਦੀ ਅਜੇ ਤਾਂ ਸਾਡੀ ਪੌਣ ਵੇ
ਅਸੀਂ ਝੱਲੀਏ ਕਿਉਂ ਖੱਜਲ ਖ਼ੁਆਰੀ
ਵੇ ਤੈਨੂੰ ਕਿਵੇਂ ਬੇਰ ਦੇ ਦਿਆਂ
ਤੇਰੀ ਮੱਤ ਗਈ ਗੱਭਰੂਆ ਮਾਰੀ

ਜਦੋਂ ਪੈਣ ਲੱਗੇ ਬੇਰੀਆਂ ਨੂੰ ਬੂਰ ਵੇ
ਓਦੋਂ ਮਹਿਕ ਖਿੰਡ ਜਾਂਦੀ ਦੂਰ-ਦੂਰ ਵੇ
ਪੁੰਨੂੰ ਬਣ ਬਣ ਆਉਣ ਵਪਾਰੀ
ਵੇ ਤੈਨੂੰ ਕਿਵੇਂ ਬੇਰ ਦੇ ਦਿਆਂ
ਸਾਡੀ ਬਾਗਾਂ ਤੇ ਸਰਦਾਰੀ



ਲੱਖਾਂ ਝੱਖੜ ਤੇ ਲੱਖਾਂ ਹੀ ਹਨੇਰੀਆਂ
ਇਹਨਾਂ ਬੇਰੀਆਂ ਤੇ ਪਾ ਗਈਆਂ ਫੇਰੀਆਂ
ਪਰ ਟੁੱਟੀ ਨਾ ਇਹਨਾਂ ਦੀ ਮੁਖ਼ਤਾਰੀ
ਵੇ ਤੈਨੂੰ ਕਿਵੇਂ ਬੇਰ ਦੇ ਦਿਆਂ
ਤੇਰੀ ਮੱਤ ਗਈ ਗੱਭਰੂਆ ਮਾਰੀ

ਖਾ ਕੇ ਕੰਡਿਆਂ ਨੂੰ ਲਭਦੇ ਨੇ ਬੇਰ ਵੇ
ਐਨੀ ਹਿੰਡ "ਪਰਦੇਸੀ" ਐਨੀ ਦੇਰ ਵੇ
ਤੈਨੂੰ ਕਹਿ ਜੋ ਦਿੱਤਾ ਇਕ ਵਾਰੀ
ਵੇ ਤੈਨੂੰ ਕਿਵੇਂ ਬੇਰ ਦੇ ਦਿਆਂ
ਤੇਰੀ ਮੱਤ ਗਈ ਗੱਭਰੂਆ ਮਾਰੀ

ਸਾਡੀ ਬਾਗਾਂ ਤੇ ਸਰਦਾਰੀ
ਵੇ ਤੈਨੂੰ ਕਿਵੇਂ ਬੇਰ ਦੇ ਦਿਆਂ
ਤੇਰੀ ਮੱਤ ਗਈ ਗੱਭਰੂਆ ਮਾਰੀ
ਵੇ ਤੈਨੂੰ ਕਿਵੇਂ ਬੇਰ ਦੇ ਦਿਆਂ



## ਬੱਲੇ ਬੱਲੇ

ਤੇਰਾ ਰੂਪ ਬੱਲੇ ਬੱਲੇ ਨੀ ਸ਼ਿੰਗਾਰ ਬੱਲੇ ਬੱਲੇ
ਤਿੱਖੀ ਕਜਰਾਏ ਨੈਣਾਂ ਦੀ ਕਟਾਰ ਬੱਲੇ ਬੱਲੇ

ਜਦੋਂ ਵੱਟਾਂ ਉੱਤੇ ਪੱਬ ਤੂੰ ਟਿਕਾਏ ਬੱਲੇ ਬੱਲੇ
ਬੂਟੇ ਸਰੋਂ ਦੇ ਨਸ਼ੇ ਚ ਲਹਿਰਾਏ ਬੱਲੇ ਬੱਲੇ

ਚੜ੍ਹ ਗਿਆ ਅੱਜ ਖ਼ੇਤਾਂ ਨੂੰ ਖ਼ੁਮਾਰ ਬੱਲੇ ਬੱਲੇ
ਤੇਰਾ ਰੂਪ ਬੱਲੇ ਬੱਲੇ ਨੀ ਸ਼ਿੰਗਾਰ ਬੱਲੇ ਬੱਲੇ

ਤੇਰੇ ਤੀਰਾਂ ਦੇ ਨਿਸ਼ਾਨੇ ਵਾਹ, ਸਫ਼ਲ ਬੱਲੇ ਬੱਲੇ
ਕੀਤੇ ਗਲੀਆਂ ਬਜ਼ਾਰਾਂ ਚ ਕਤਲ ਬੱਲੇ ਬੱਲੇ

ਤੈਨੂੰ ਪੁੱਛਦੀ ਨਈਂ ਕੋਈ ਸਰਕਾਰ ਬੱਲੇ ਬੱਲੇ
ਤਿੱਖੀ ਸੁਰਮਈ ਨੈਣਾਂ ਦੀ ਕਟਾਰ ਬੱਲੇ ਬੱਲੇ

ਤੇਰਾ ਗਿੱਧੇ ਵਿਚ ਪਾਉਣਾ ਧਰਥੱਲ ਬੱਲੇ ਬੱਲੇ
ਕਹਿਣ ਕੁੜੀਆਂ ਤੂੰ ਗਿੱਧਿਆਂ ਦੀ ਮੱਲ ਬੱਲੇ ਬੱਲੇ



ਸਾਨੂੰ ਲੋਹੜਿਆਂ ਦਾ ਆ ਗਿਆ ਪਿਆਰ ਬੱਲੇ ਬੱਲੇ
ਤੇਰਾ ਰੂਪ ਬੱਲੇ ਬੱਲੇ ਨੀ ਸ਼ਿੰਗਾਰ ਬੱਲੇ ਬੱਲੇ

ਕੰਢੇ ਨਦੀ ਦੇ ਦੁਪੱਟਾ ਲਹਿਰਾਇਆ ਬੱਲੇ ਬੱਲੇ
ਸ਼ਾਂਤ ਪਾਣੀ ਚ ਭੂਚਾਲ ਜੇਹਾ ਆਇਆ ਬੱਲੇ ਬੱਲੇ

ਹੁਣੇ ਆਰ "ਪਰਦੇਸੀ" ਹੁਣੇ ਪਾਰ ਬੱਲੇ ਬੱਲੇ
ਤੇਰਾ ਰੂਪ ਬੱਲੇ ਬੱਲੇ ਨੀ ਸ਼ਿੰਗਾਰ ਬੱਲੇ ਬੱਲੇ

ਤੇਰਾ ਰੂਪ ਬੱਲੇ ਬੱਲੇ ਨੀ ਸ਼ਿੰਗਾਰ ਬੱਲੇ ਬੱਲੇ
ਤਿੱਖੀ ਸੁਰਮਈ ਨੈਣਾਂ ਦੀ ਕਟਾਰ ਬੱਲੇ ਬੱਲੇ



## ਰੂਪ ਡੰਡੀਆਂ 'ਚ ਡੁਲਦਾ

ਹਾੜ ਦਾ ਮਹੀਨਾ ਜੱਟੀ ਮੁੜ੍ਹਕੇ ਨਾ ਭਿੱਜੀ
ਪੱਲਾ ਫੇਰ-ਫੇਰ ਮੁੜ੍ਹਕਾ ਸੁਕਾਵੇ
ਨੀ ਜੋਬਨ ਸੰਭਾਲ ਜੱਟੀਏ
ਰੂਪ ਡੰਡੀਆਂ 'ਚ ਡੁਲਦਾ ਜਾਵੇ

ਹੋਈ ਅੱਖੀਆਂ ਹੀ ਅੱਖੀਆਂ ਦੀ ਜੰਗ ਜੱਟੀਏ
ਸਾਨੂੰ ਡਾਢੀ ਸੋਹਣੀ ਲੱਗੇ ਤੇਰੀ ਸੰਗ ਜੱਟੀਏ
ਤੇਰੀ ਘੂਰੀਆਂ ਨੇ ਕੀਤਾ ਡਾਢਾ ਤੰਗ ਜੱਟੀਏ
ਇਹਨਾਂ ਘੂਰੀਆਂ ਤੋਂ ਚਿੱਤ ਘਬਰਾਵੇ
ਨੀ ਜੋਬਨ ਸੰਭਾਲ ਜੱਟੀਏ
ਰੂਪ ਡੰਡੀਆਂ 'ਚ ਡੁਲਦਾ ਜਾਵੇ

ਅੱਜ ਹੋਣ ਦੇ ਨੀ ਕੋਈ ਅਨਹੋਣੀ ਹੋਣ ਦੇ
ਜੱਗੋਂ ਤੇਹਰਵੀਂ ਤੇ ਕੋਈ ਮਨ ਭਉਣੀ ਹੋਣ ਦੇ
ਇਹਨਾਂ ਤਪਦੇ ਸਿਆੜਾਂ ਦੀ ਨੀ ਰੌਣੀ ਹੋਣ ਦੇ
ਖੌਰੇ ਸੋਹਣੀਏ ਪਿਆਰ ਉਗ ਆਵੇ
ਨੀ ਜੋਬਨ ਸੰਭਾਲ ਜੱਟੀਏ
ਰੂਪ ਡੰਡੀਆਂ 'ਚ ਡੁੱਲਦਾ ਜਾਵੇ




ਗੋਰੇ ਰੰਗ ਉੱਤੇ ਛਾਇਆ ਜੀਹਨੇ ਕਹਿਰ ਜੱਟੀਏ
ਚਿੱਤ ਕਰੇ ਮੇਰਾ ਫੂਕਦਾਂ ਦੁਪਿਹਰ ਜੱਟੀਏ
ਸਾਡੀ ਪਲਕਾਂ ਦੀ ਛਾਵੇਂ ਆ ਜਾ ਠਹਿਰ ਜੱਟੀਏ
ਗੋਰਾ ਰੰਗ ਨਾ ਕਾਫੂਰ ਬਣ ਜਾਵੇ
ਨੀ ਜੋਬਨ ਸੰਭਾਲ ਜੱਟੀਏ
ਰੂਪ ਡੰਡੀਆਂ 'ਚ ਡੁਲਦਾ ਜਾਵੇ

ਏਸ ਚਾਨਣੀ ਦੇ ਪਿੱਛੋਂ ਆਉਣਾ ਨੇਰ੍ਹ ਬੱਲੀਏ
ਆ ਜਾ ਮਾਣ ਲਈਏ ਸੱਜਰੀ ਸਵੇਰ ਬੱਲੀਏ
ਐਵੇਂ ਸੋਚੀਂ ਪੈ ਕੇ ਲਾਈ ਜਾਵੇਂ ਦੇਰ ਬੱਲੀਏ
ਤੈਨੂੰ ਕਿਵੇਂ "ਪਰਦੇਸੀ" ਸਮਝਾਵੇ
ਨੀ ਜੋਬਨ ਸੰਭਾਲ ਜੱਟੀਏ
ਰੂਪ ਡੰਡੀਆਂ ਚ ਡੁਲਦਾ ਜਾਵੇ

ਹਾੜ ਦਾ ਮਹੀਨਾ ਜੱਟੀ ਮੁੜ੍ਹਕੇ ਨਾ ਭਿੱਜੀ
ਪੱਲਾ ਫੇਰ-ਫੇਰ ਮੁੜ੍ਹਕਾ ਸੁਕਾਵੇ
ਨੀ ਜੋਬਨ ਸੰਭਾਲ ਜੱਟੀਏ
ਰੂਪ ਡੰਡੀਆਂ 'ਚ ਡੁਲਦਾ ਜਾਵੇ






# ਚੰਨਾ ਮੈਂ ਤੇਰੀ ਖ਼ੈਰ ਮੰਗਦੀ

ਵੇ ਮੈਂ ਲੁਕ ਲੁਕ ਘੋਰ ਹਨ੍ਹੇਰੇ
ਨਿੱਤ ਸਾਈਂ ਪੀਰ ਦੇ ਡੇਰੇ
ਚੰਨਾ ਮੈਂ ਤੇਰੀ ਖ਼ੈਰ ਮੰਗਦੀ
ਖ਼ੈਰ ਮੰਗਦੀ ਮੈਂ ਸ਼ਾਮ ਸਵੇਰੇ
ਚੰਨਾ ਮੈਂ ਤੇਰੀ ਖ਼ੈਰ ਮੰਗਦੀ

ਤੇਰੇ ਹਾਸਿਆਂ ਦੀ ਕਰ ਕਰ ਭਾਲ ਵੇ
ਸਾਨੂੰ ਰੋਣਾ ਵੀ ਹੋ ਗਿਆ ਮੁਹਾਲ ਵੇ
ਸਾਥੋਂ ਅੱਖੀਆਂ ਨਾ ਫੇਰ
ਕਾਹਨੂੰ ਪਾਉਣਾਂ ਏਂ ਹਨ੍ਹੇਰ
ਸਾਨੂੰ ਪਹਿਲਾਂ ਹੀ ਮੁਸੀਬਤਾਂ ਦੇ ਘੇਰੇ
ਚੰਨਾ ਮੈਂ ਤੇਰੀ ਖ਼ੈਰ ਮੰਗਦੀ

ਤੇਰੇ ਨਾਮ ਅਸੀਂ ਕਰ ਬੈਠੇ ਜਿੰਦ ਵੇ
ਸਾਨੂੰ ਦੁਖਾਂ ਦੀ ਨਾ ਪਿੰਜਣੀ 'ਚ ਪਿੰਜ ਵੇ
ਤੇਰੀ ਗਲੀਆਂ ਦੇ ਕੱਖ
ਸਾਨੂੰ ਕਦਮਾਂ 'ਚ ਰੱਖ



ਤੇਰੇ ਕਦਮਾਂ 'ਚ ਸੁੱਖ ਨੇ ਬਥੇਰੇ
ਚੰਨਾ ਮੈਂ ਤੇਰੀ ਖ਼ੈਰ ਮੰਗਦੀ

ਕਦੀ ਬਹਿ ਕੇ "ਪਰਦੇਸੀ" ਸਾਡੇ ਕੋਲ ਵੇ
ਸਾਡੇ ਸਾਹਾਂ 'ਚ ਸੁਗੰਧੀਆਂ ਤੂੰ ਘੋਲ ਵੇ
ਵੇ ਕਿੱਥੇ ਲਵਾਂ ਮੈਂ ਲੁਕਾ
ਇਹ ਮੁਹੱਬਤਾਂ ਦੇ ਚਾਅ
ਏਥੇ ਚੋਰਾਂ ਤੇ ਉਚੱਕਿਆਂ ਦੇ ਡੇਰੇ
ਚੰਨਾ ਮੈਂ ਤੇਰੀ ਖ਼ੈਰ ਮੰਗਦੀ

ਵੇ ਮੈਂ ਲੁਕ ਲੁਕ ਘੋਰ ਹਨ੍ਹੇਰੇ
ਨਿੱਤ ਸਾਈਂ ਪੀਰ ਦੇ ਡੇਰੇ
ਚੰਨਾ ਮੈਂ ਤੇਰੀ ਖ਼ੈਰ ਮੰਗਦੀ
ਖ਼ੈਰ ਮੰਗਦੀ ਮੈਂ ਸ਼ਾਮ ਸਵੇਰੇ
ਚੰਨਾ ਮੈਂ ਤੇਰੀ ਖ਼ੈਰ ਮੰਗਦੀ



## ਜ਼ਖ਼ਮੀ ਦਿਲ ਦੀ ਸਹੁੰ

ਮੈਂ ਵੀ ਮਨ ਨੂੰ ਮਾਰ ਲਵਾਂਗਾ
ਤੂੰ ਵੀ ਮਨ ਸਮਝਾਇਆ ਕਰ
ਤੈਨੂੰ ਜ਼ਖ਼ਮੀਂ ਦਿਲ ਦੀ ਸਹੁੰ ਹੈ
ਜ਼ਖ਼ਮੀਂ ਖ਼ਤ ਨਾ ਪਾਇਆ ਕਰ

ਡਾਢੇ ਹੀ ਮਾਸੂਮ ਅਜੇ ਨੇ
ਡਾਢੇ ਹੀ ਨੇ ਭੋਲੇ ਭਾਲੇ
ਇਸ ਉਮਰੇ ਤੇ ਡੋਲ ਗਏ ਇਹ
ਜਜ਼ਬੇ ਜਾਣੇ ਨਹੀਂ ਸੰਭਾਲੇ

ਯਾਦਾਂ ਦਾ ਤੰਦੂਰ ਦੁਪਿਹਰੇ
ਹੁਣ ਨਾ ਅੜੀਏ ਤਾਇਆ ਕਰ
ਤੈਨੂੰ ਜ਼ਖ਼ਮੀ ਦਿਲ ਦੀ ਸਹੁੰ ਹੈ
ਜ਼ਖ਼ਮੀ ਖ਼ਤ ਨਾ ਪਾਇਆ ਕਰ

ਗੀਤਾਂ ਦੇ ਗਲ ਘੁੰਗਰੂ ਪਾਉਣੇ
ਪੌਣਾਂ ਦੀ ਝਾਂਜਰ ਛਣਕਾਉਣੀ
ਮਹਿਕਾਂ ਦੇ ਗਲ਼ ਬਾਹਾਂ ਪਾ ਕੇ
ਫਿਰ ਸਾਹਾਂ ਦੀ ਪੀਂਘ ਚੜਾਉਣੀ
ਇਹ ਸਭ ਭੁੱਲਣਹਾਰ ਸੀ ਸੁਪਨੇ
ਅੱਖੀਆਂ ਨੂੰ ਸਮਝਾਇਆ ਕਰ



ਮੈਂ ਵੀ ਮਨ ਨੂੰ ਮਾਰ ਲਵਾਂਗਾ
ਤੂੰ ਵੀ ਦਿਲ ਸਮਝਾਇਆਂ ਕਰ

ਅਪਣੇ ਦੇਸ ਚ ਹੈ "ਪਰਦੇਸੀ"
ਮੁਲਕ ਪਰਾਏ ਹੈ ਦੀਵਾਨਾ
ਦਰਦਾਂ ਨਾਲ ਮੁਹੱਬਤ ਗੂੜ੍ਹੀ
ਗੂੜ੍ਹਾ ਜ਼ਖ਼ਮਾਂ ਨਾਲ ਯਾਰਾਨਾ

ਟੂਣੇਹਾਰੀ ਦੁਨੀਆਂ ਹੈ ਇਹ
ਅਪਣਾ ਆਪ ਬਚਾਇਆ ਕਰ
ਮੈਂ ਵੀ ਮਨ ਨੂੰ ਮਾਰ ਲਵਾਂਗਾ
ਤੂੰ ਵੀ ਮਨ ਸਮਝਾਇਆ ਕਰ
ਤੈਨੂੰ ਜ਼ਖ਼ਮੀਂ ਦਿਲ ਦੀ ਸਹੁੰ ਹੈ
ਜ਼ਖ਼ਮੀਂ ਖ਼ਤ ਨਾ ਪਾਇਆ ਕਰ




# ਮੰਦੜੇ ਹੋ ਗਏ ਹਾਲ

ਮੰਦੜੇ ਹੋ ਗਏ ਹਾਲ
ਵੇ ਜੋਗੀ
ਮੰਦੜੇ ਹੋ ਗਏ ਹਾਲ
ਚਿਹਰੇ ਦਾ ਰੰਗ ਵਾਂਗ ਭਬੂਤੀ
ਅੱਖੀਆਂ ਲਾ-ਲਮ ਲਾਲ
ਵੇ ਜੋਗੀ
ਮੰਦੜੇ ਹੋ ਗਏ ਹਾਲ

ਤੂੰ ਜੰਗਲ ਦਾ ਜੰਗਲ ਤੇਰਾ
ਸਾਨੂੰ ਪਾ ਲਿਆ ਨਾਗਾਂ ਘੇਰਾ
ਜ਼ਹਿਰ ਪਿਲਾਵੇਗੀ ਦੋਜ਼ਖ਼ ਦਾ
ਤੇਰੀ ਟਾਲ ਮ ਟਾਲ
ਵੇ ਜੋਗੀ
ਮੰਦੜੇ ਹੋ ਗਏ ਹਾਲ

ਨੀਂਦਾਂ ਦੇ ਸਿਰਨਾਵੇਂ ਖੋਹ ਗਏ
ਸੁਪਨੇ ਵੀ ਹੁਣ ਸੁਪਨਾ ਹੋ ਗਏ
ਨਾ ਉਹ ਚਿਹਰਾ ਨਾ ਉਹ ਮੋਹਰਾ
ਨਾ ਉਹ ਰਿਹਾ ਜਲਾਲ
ਵੇ ਜੋਗੀ
ਮੰਦੜੇ ਹੋ ਗਏ ਹਾਲ

ਬੁੱਕ ਭਰ ਅੱਥਰੂ ਕਲੀਆਂ ਰੋਈਆਂ
ਖੁਸ਼ਬੂਆਂ ਨੂੰ ਕੈਦਾਂ ਹੋਈਆਂ



ਬੇਗਾਨੇ ਬਾਗ਼ਾਂ ਦੀ ਕਿਹੜਾ
ਕਰਦੈ ਸਾਂਭ ਸੰਭਾਲ
ਵੇ ਜੋਗੀ
ਮੰਦੜੇ ਹੋ ਗਏ ਹਾਲ

ਏਥੋਂ ਲੁਕਣਾ ਓਥੋਂ ਲੁਕਣਾ
ਰਾਤੀਂ ਮੱਚਣਾ ਦਿਨ ਨੂੰ ਧੁਖਣਾ
"ਪਰਦੇਸੀ" ਇਸ ਰੁਤ ਦੀ ਰਾਖ਼ੀ
ਕੌਣ ਕਰੇ ਹੱਡ ਬਾਲ
ਵੇ ਜੋਗੀ
ਮੰਦੜੇ ਹੋ ਗਏ ਹਾਲ

ਮੰਦੜੇ ਹੋ ਗਏ ਹਾਲ
ਵੇ ਜੋਗੀ
ਮੰਦੜੇ ਹੋ ਗਏ ਹਾਲ
ਚਿਹਰੇ ਦਾ ਰੰਗ ਵਾਂਗ ਭਬੂਤੀ
ਅੱਖੀਆਂ ਲਾਲੋ ਲਾਲ
ਵੇ ਜੋਗੀ
ਮੰਦੜੇ ਹੋ ਗਏ ਹਾਲ



# ਵੀਣੀ ਤੇ ਲਿਖਾਈ ਫਿਰਾਂ

ਸਾਡੇ ਦਿਲ ਦੀ ਉਮੰਗ
ਸਾਨੂੰ ਕਰੇ ਡਾਢਾ ਤੰਗ
ਚੰਨਾ ਤੇਰੇ ਹੱਥ ਡੋਰ
ਟੁੱਟ ਜਾਵੇ ਨਾ ਪਤੰਗ

ਦੇ ਦੇ ਦਿਲ 'ਚ ਉਪਾਸ਼ਕਾਂ ਨੂੰ ਥਾਂ ਸੱਜਣਾ
ਤੇਰਾ ਵੀਣੀ ਤੇ ਲਿਖਾਈ ਫਿਰਾਂ ਨਾਂ ਸੱਜਣਾ

ਰਾਤ ਚਾਨਣੀ 'ਚ ਚੰਨਾ ਅਸੀਂ ਮਰ ਮਰ ਜਾਈਏ
ਹੁਣ ਆਪਣੀ ਹੀ ਛਾਂ ਤੋਂ ਅਸੀਂ ਡਰ ਡਰ ਜਾਈਏ
ਕਹਿ ਦੇ ਕੰਨ ਵਿਚ ਹੌਲੀ ਜਿਹੀ ਹਾਂ ਸੱਜਣਾ
ਤੇਰਾ ਵੀਣੀ ਤੇ ਲਿਖਾਈ ਫਿਰਾਂ ਨਾਂ ਸੱਜਣਾ

ਤੇਰੇ ਹਾਸਿਆਂ ਦੀ ਸਹੁੰ ਤੈਨੂੰ ਕਰਦੇ ਹਾਂ ਪਿਆਰ
ਤੇਰੀ ਤੱਕਣੀ ਨੇ ਕੀਤਾ ਸਾਡਾ ਜੀਣਾ ਦੁਸ਼ਵਾਰ
ਸਾਨੂੰ ਵੱਢ ਵੱਢ ਖਾਵੇ ਚੁੱਪ ਚਾਂ ਸੱਜਣਾ
ਤੇਰਾ ਵੀਣੀ ਤੇ ਲਿਖਾਈ ਫਿਰਾਂ ਨਾਂ ਸੱਜਣਾ



ਸਾਨੂੰ ਰੱਖ ਲੈ ਵੇ ਰੱਖ ਲੈ ਤੂੰ ਦਿਲ ਨਾਲ ਲਾ ਕੇ
ਹੱਥ ਜੋੜਦੇ ਹਾਂ ਤੇਰੇ ਮੂਹਰੇ ਵੰਗਾਂ ਛਣਕਾ ਕੇ
ਫੜ ਵੰਗਾਂ ਨੂੰ ਬਚਾ ਕੇ ਮੇਰੀ ਬਾਂਹ ਸੱਜਣਾ
ਤੇਰਾ ਵੀਣੀ ਤੇ ਲਿਖਾਈ ਫਿਰਾਂ ਨਾਂ ਸੱਜਣਾ

ਸਾਡੀ ਭੋਰਾ ਭਰ ਜਿੰਦ ਉੱਤੇ ਤੋੜ ਨਾ ਪਹਾੜ
ਸਾਡੀ ਰੂਹ "ਪਰਦੇਸੀ" ਨਾ ਥਲਾਂ ਦੇ ਵਿਚ ਸਾੜ
ਕਦੀ ਕਰ ਪਲਕਾਂ ਦੀ ਸਾਨੂੰ ਛਾਂ ਸੱਜਣਾ
ਤੇਰਾ ਵੀਣੀ ਤੇ ਲਿਖਾਈ ਫਿਰਾਂ ਨਾਂ ਸੱਜਣਾ

ਦੇ ਦੇ ਦਿਲ 'ਚ ਉਪਾਸ਼ਕਾਂ ਨੂੰ ਥਾਂ ਸੱਜਣਾ
ਤੇਰਾ ਵੀਣੀ ਤੇ ਲਿਖਾਈ ਫਿਰਾਂ ਨਾ ਸੱਜਣਾ